# ਦੁਪਹਿਰ ਖਿੜੀ

**ਇਸੇ ਕਲਮ ਤੋਂ :**

- *ਬਰਤਾਨੀਆਂ ਦਾ ਸਫ਼ਰ* (ਸਫ਼ਰਨਾਮਾ – 2014)
- *ਲਾਮਿਸਾਲ ਦੋਸਤੀ* (ਵਾਰਤਕ – 2014)
- *ਮਾਰਕਸ, ਏਂਗਲਜ਼ ਅਤੇ ਜੈਨੀ ਦੀ ਦੋਸਤੀ* (ਵਾਰਤਕ – 2014)

# ਦੁਪਹਿਰ ਖਿੜੀ

ਨਵਰੂਪ ਕੌਰ

ਰਵੀ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ - 143 002

DUPEHAR KHIRHI

(A Book of Poetry)

*by*

NAVROOP KAUR
H.O.D. Punjabi Department,
Hans Raj Mahila Maha Vidyalaya,
Jalandhar - 144 001
(M) 098784-55044
E-mail : navroopm@gmail.com

*Published By :*

**Ravi Sahit Parkashan**

Shop No.: 11, G.N.D.U. Shopping Complex,
P.O. Khalsa College, G.T. Road, AMRITSAR - 143 002
E-mail : ravisahitparkashan@yahoo.co.in

ISBN 978-81

© ਨਵਰੂਪ ਕੌਰ

ਪਹਿਲੀ ਵਾਰ : 2019

*ਪ੍ਰਕਾਸ਼ਕ :*

**ਰਵੀ ਸਾਹਿਤ ਪ੍ਰਕਾਸ਼ਨ**

ਸ਼ਾਪ ਨੰ : 11, ਗੁ. ਨਾ. ਦੇ. ਯੂ. ਸ਼ਾਪਿੰਗ ਕੰਪਲੈਕਸ,
ਡਾਕ ਘਰ : ਖ਼ਾਲਸਾ ਕਾਲਜ, ਜੀ. ਟੀ. ਰੋਡ,
ਅੰਮ੍ਰਿਤਸਰ - 143 002

*ਛਾਪਕ :*

ਡੀ.ਕੇ. ਫ਼ਾਈਨ ਪ੍ਰੈੱਸ, ਦਿੱਲੀ

## - ਸਮਰਪਣ -

ਮੋਹ ਭਿੱਜੀ ਸ਼ਖ਼ਸੀਅਤ

**ਗੁਰਦਰਸ਼ਨ ਕੌਰ**

ਦੇ ਨਾਂ,

ਜਿਸ ਨੇ ਨਵਰੂਪ ਨੂੰ ਘੜਿਆ,

ਸਭ ਤੋਂ ਪਹਿਲਾਂ ਪੜ੍ਹਿਆ।

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's perior written consent in any form of binding or cover other than that in which it is published and without a similar condition including this condition being imposed on the subsequeat purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher.*

# ਤਤਕਰਾ

*ਇਕ ਨਵੀਂ ਆਮਦ* —ਸੁਰਜੀਤ ਪਾਤਰ 9

- ਵਕਤ 15
- ਕੁੱਝ ਕਰ... 17
- ਪਰੰਪਰਾ 18
- ਕੱਚਾ ਕੋਠਾ 19
- ਘਰ 20
- ਆਸ-ਧਰਵਾਸ 22
- ਰੁੱਖ ਨਾ ਕਦੇ ਇਕੱਲਾ 23
- ਤਨ ਦੀ ਪੰਡ ਪੁਰਾਣੀ 25
- ਵਿਪਰੀਤ ਸੁਰਾਂ ਦੀ ਨਜ਼ਮ 26
- ਸ਼ਬਦਾਂ ਦੀ ਹੋਲੀ 27
- ਮੈਂ ਕਵਿਤਾ ਨਹੀਂ ਲਿਖਦੀ 30
- ਭੁਲਾਵੇਂ ਅੱਖਰ 32
- ਮੁਹੱਬਤ ਦੀ ਪੁਸਤਕ 34
- ਜਾਗਦੀ ਹਾਂ ਮੈਂ 37
- ਸਿਉਂਕ ਅਤੇ ਰੇਸ਼ਮ ਦਾ ਕੀੜਾ 39
- ਪਰਵਾਸ 40
- ਬਗ਼ੀਚੀ ਵਿਚ 42
- ਬੜੀ ਵਾਰ ਸੋਚਦੀ ਹਾਂ 44
- ਕਦੇ ਕਦੇ 46
- ਖਿਡੌਣੇ 48
- ਕੰਧਾਂ 50
- ਤੇਰਾ ਚਿਹਰਾ ਪੜ੍ਹਦਿਆਂ 51
- ਅੱਜ ਦਾ ਫ਼ੈਸਲਾ 53
- ਤੂੰ ਦਸਤਾਨੇ ਉਤਾਰ 55
- ਤੈਨੂੰ ਪਤਾ ਹੀ ਨਾ ਲੱਗਾ 59

- ਤੂੰ ਇੰਜ ਕਰੀਂ 61
- ਲੰਡਨ ਦਾ ਦਿਲ 63
- ਰਾਤ ਜਾਗਦੀ ਹੈ 65
- ਆਸ਼ਾ-ਅਭਿਲਾਸ਼ਾ 67
- ਹਾਜ਼ਰੀ ਗ਼ੈਰ-ਹਾਜ਼ਰੀ 69
- ਨਾ ਰੋ ਮਾਂ 70
- ਨਿੱਕਾ-ਨਿੱਕਾ 72
- ਜ਼ੋਰਾਵਰ 74
- ਮੇਰੇ ਸ਼ਹਿਰ ਵਿਚ 75
- ਮੂਰਤ ਨਹੀਂ ਹਾਂ ਮੈਂ 77
- ਸਰਮਾਇਆ 79
- ਰਿਸ਼ਤਗੀ 80
- ਮਾਂ 82
- ਸੰਦੂਕ ’ਚ ਪਈ ਡੱਬੀ 84
- ਹੌਕਿਆਂ ਨੂੰ ਆਖ 86
- ਵਿਰਾਸਤ 87
- ਨਦੀ ਅਤੇ ਸਮੁੰਦਰ 88
- ਦੁਆ ਕਰਦੀ ਹਾਂ 90
- ਸੁੱਚਾ ਮੋਤੀ 91
- ਤੁਰਦਿਆਂ-ਤੁਰਦਿਆਂ... 92
- ਤੂੰ ਅਤੇ ਮੈਂ 94
- ਨੀਲੀ ਨਦੀ 95
- ਕਾਲੇ ਡੋਰੀਏ ਵਾਲ਼ੀਆਂ ਕੁੜੀਆਂ 97
- ਸਿੱਪੀਆਂ 99
- ਸਬਜ਼ ਸੰਵੇਦਨਾ 101
- ਮੈਂ ਹਾਜ਼ਰ ਹਾਂ 103
- ਹੋਂਦ-ਨਿਰਹੋਂਦ 105
- ਇਹ ਲੋਕ 107
- ਰੱਦੀ ਦੀ ਕਿਤਾਬ 109
- ਪਿਛਾਂਹ ਪਰਤਦੀਆਂ ਪੈੜਾਂ 111

# ਇਕ ਨਵੀਂ ਆਮਦ

ਇਹ ਨਵਰੂਪ ਦਾ ਪ੍ਰਥਮ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਇਕ ਵਿਲੱਖਣ ਸਰਫ਼ਨਾਮਾ ਲੇਖਕ ਦੇ ਤੌਰ ’ਤੇ ਸਾਹਿਤ ਦੇ ਖੇਤਰ ਵਿਚ ਉਸ ਨੇ ਆਪਣੀ ਮੌਜੂਦਗੀ ਦਾ ਮਹੱਤਵ ਅੰਕਿਤ ਕੀਤਾ ਹੈ। ਉਸ ਸਫ਼ਰਨਾਮੇ ਵਿਚ ਉਸ ਦੀ ਕਾਵਿਕ ਨਜ਼ਰ ਦੇ ਝਲਕਾਰੇ ਜ਼ਰੂਰ ਹਨ, ਪਰ ਇਕ ਅਹਿਲੇ ਕਿਤਾਬ ਸ਼ਾਇਰਾ ਦੇ ਰੂਪ ਵਿਚ ਉਸ ਦਾ ਪ੍ਰਵੇਸ਼ ਇਸ ਪੁਸਤਕ ਨਾਲ਼ ਹੀ ਹੁੰਦਾ ਹੈ।

ਇਸ ਸੰਗ੍ਰਹਿ ਵਿਚ ਨਵਰੂਪ ਦੀ ਇਕ ਕਵਿਤਾ ‘ਕਾਲੇ ਡੋਰੀਏ ਵਾਲੀਆਂ ਕੁੜੀਆਂ’ ਉਸ ਵਿਚ ਨਵਰੂਪ ਦੀਆਂ ਸਤਰਾਂ ਹਨ:

ਸਤਰੰਗੀ ਪੀਂਘ ’ਤੇ ਅੰਬਰ ਝੂਟਦੀਆਂ
ਗੋਰੇ ਸੁਫ਼ਨੇ ਲੈਂਦੀਆਂ
ਕਾਲੇ ਡੋਰੀਏ ਵਾਲੀਆਂ ਕੁੜੀਆਂ

ਲੋਏ ਲੋਏ
ਸੰਧੂਰੀ ਸੁਫ਼ਨੇ ਬੁਣਦੀਆਂ
ਸੁੱਖਾਂ ਦਾ ਸਫ਼ਰ...ਮਟਕ ਮਟਕ ਤੁਰਦੀਆਂ

ਮੋਹ ਮਾਰੀ ਤਕਣੀ ’ਤੇ
ਸ਼ਰਬਤੀ ਹੋ ਜਾਂਦੀਆਂ
ਰਾਹੀਆਂ ਦੇ ਰਾਹ...ਸਿੱਜਲ ਹੋ ਹੋ ਤੱਕਦੀਆਂ

ਆਖ਼ਰ
ਅਚਾਨਕ ਤਿੜਕਦਾ
ਸੁਫ਼ਨਾ ਉਨ੍ਹਾਂ ਦੀ ਅੱਖ ਦਾ
ਅੱਭੜਵਾਹੇ ਉੱਠਦੀਆਂ...ਡਰ ਡਰ ਜਾਂਦੀਆਂ

ਕੱਜਲ ਦੀ ਧਾਰ
ਤਲੀ ’ਤੇ ਲਿਆ ਧਰਦੀਆਂ
ਮੋਟੇ ਮੋਟੇ ਨੈਣਾਂ ’ਚ ਸਦੀਵੀ ਨਮੀ ਭਰਦੀਆਂ

ਡਰਦੀਆਂ ਜਰਦੀਆਂ
ਡੁੱਬਦੀਆਂ ਸੜਦੀਆਂ
ਪਲ ਪਲ ਮਰਦੀਆਂ...ਹੋਰ ਕੀ ਕੀ ਕਰਦੀਆਂ

ਕੁੜੀਆਂ...
ਵਿਚਾਰੀਆਂ ਕੁੜੀਆਂ
ਕਾਲੇ ਡੋਰੀਏ ਵਾਲੀਆਂ ਕੁੜੀਆਂ

ਕਾਲੇ ਡੋਰੀਏ ਵਾਲੀਆਂ ਕੁੜੀਆਂ ਸੁਹਜ, ਕੋਮਲ ਸੰਵੇਦਨਾ, ਮਲੂਕ ਰਹਿਤ ਵਾਲੀਆਂ 'ਤੇ ਜ਼ਿੰਦਗੀ ਦੀ ਕਠੋਰ ਹਕੀਕਤ ਨਾਲ਼ ਟਕਰਾ ਕੇ ਆਹਤ ਹੋਈਆਂ, ਕੁੱਝ ਸਹਿਮੀਆਂ ਜਿਹੀਆਂ ਹਨ। ਮੈਂ ਸੋਚਿਆ ਮੈਂ ਨਵਰੂਪ ਦੀ ਕਿਤਾਬ ਦੀ ਭੂਮਿਕਾ ਦਾ ਆਰੰਭ ਇਸ ਵਾਕ ਨਾਲ ਕਰਾਂਗਾ: 'ਨਵਰੂਪ ਕਾਲੇ ਡੋਰੀਏ ਵਾਲੀ ਸ਼ਾਇਰਾ' ਹੈ। ਪਰ ਮੈਨੂੰ ਅਹਿਸਾਸ ਹੋਇਆ ਕਿ ਨਵਰੂਪ ਕਾਲੇ ਡੋਰੀਏ ਵਾਲੀਆਂ ਕੁੜੀਆਂ ਤੋਂ ਵਿਲੱਖਣ ਹੈ। ਉਹ ਪਲ ਪਲ ਮਰਦੀ ਨਹੀਂ। ਉਹ ਪਲ ਪਲ ਨੂੰ ਪਰਖ਼ ਕੇ ਆਪਣੀ ਕਵਿਤਾਵਾਂ ਵਿਚ ਸੰਜੋਅ ਕੇ ਜੀਵੰਤ ਹੋ ਰਹੀ ਹੈ। ਉਸ ਦੀ ਕਵਿਤਾ 'ਹੋਂਦ ਨਿਰਹੋਂਦ' ਤੋਂ ਅਸੀਂ ਉਸ ਦੀ ਵਿਲੱਖਣਤਾ ਦਾ ਅੰਦਾਜ਼ਾ ਲੱਗਾ ਸਕਦੇ ਹਾਂ:

ਵਗਦੇ ਪਾਣੀਆਂ 'ਚ
ਸਾਰੀ ਦੀ ਸਾਰੀ ਰੁੜ੍ਹ ਕੇ ਵੀ
ਬੈਠੀ ਰਹੀ ਮੇਰੀ ਪਰਛਾਂਈਂ
ਨਦੀ ਕਿਨਾਰੇ

ਬਲਦੀ ਅੱਗ ਵਿਚ
ਸਾਰੀ ਦੀ ਸਾਰੀ ਮੱਚ ਕੇ ਵੀ
ਖੜ੍ਹੀ ਰਹੀ ਮੈਂ
ਚਿਖਾ ਸਰ੍ਹਾਣੇ...

ਉੱਤਰ ਗਈ
ਖ਼ਾਮੋਸ਼ੀ ਦੀਆਂ ਕੰਦਰਾਂ ਵਿਚ
ਗੁੰਬਦਾਂ 'ਚੋਂ
ਆਪਣੀਆਂ ਸਾਰੀਆਂ ਚੀਕਾਂ ਸਮੇਟ ਕੇ

ਉਹ ਆਪਣੀ ਕਵਿਤਾ ਵਿਚਲੀਆਂ ਕਾਲੇ ਡੋਰੀਏ ਵਾਲੀਆਂ ਕੁੜੀਆਂ ਵਾਂਗ ਮੋਹਵੰਤ ਵੀ ਹੈ, ਸੁਪਨਸਾਜ਼ ਵੀ, ਸ਼ਰਬੱਤੀ ਵੀ, ਸੇਜਲ ਵੀ ਤੇ ਆਹਤ ਵੀ। ਪਰ ਆਹਤ ਹੋ ਕੇ ਉਸ ਨੇ ਨੈਣਾਂ ਵਿਚ ਸਦੀਵੀ ਨਮੀ ਨਹੀਂ ਭਰੀ। ਜੇ ਭਰੀ ਵੀ ਹੈ ਤਾਂ ਉਸ ਨਮੀ ਨੇ ਉਸ ਦੇ ਨੈਣਾਂ ਨੂੰ ਇਕ ਨਵੀਂ ਨਜ਼ਰ ਵੀ ਦਿੱਤੀ ਹੈ। ਇਸ ਨਜ਼ਰ ਦੀ ਅਜ਼ਮਤ ਦਾ ਜ਼ਿਕਰ ਉਹ ਆਪਣੀ ਕਵਿਤਾ 'ਵਕਤ' ਵਿਚ ਕਰਦੀ ਹੈ:

ਵਕਤ ਮੇਰੀ ਸਿਫ਼ਤ ਸਲਾਹ ਕਰਦਾ
ਆਖਦਾ ਹੈ ਮੈਨੂੰ:

ਤੇਰੀ ਤਕਣੀ ਵਰਗੀ
ਮੇਰੇ ਕੋਲ ਨਜ਼ਰ ਨਹੀਂ ਹੈ

ਇਨ੍ਹਾਂ ਸਤਰਾਂ ਵਿਚ ਨਿਹਿਤ ਅਰਥ ਇਹ ਹੈ ਕਿ ਮਾਨਵ ਦੀ ਨਜ਼ਰ ਆਪਣੇ ਸਮਿਆਂ ਨੂੰ ਨੁਹਾਰ ਦੇਣ ਵਿਚ ਬਹੁਤ ਵੱਡਾ ਰੋਲ ਅਦਾ ਕਰਦੀ ਹੈ। ਅਨੁਭਵਾਂ ਤੋਂ ਮਿਲੀ ਨਵੀਂ ਨਜ਼ਰ ਸਦਕਾ ਨਵਰੂਪ ਦੀ ਕਵਿਤਾ ਦੇ ਕਈ ਅਹਿਸਾਸ, ਖ਼ਿਆਲ ਅਤੇ ਇਜ਼ਹਾਰ ਬਿਲਕੁਲ ਨਵੇਂ ਹਨ :

- ਜਾਗਦੀ ਹਾਂ ਮੈਂ
  ਸੁਤੀ ਨਹੀਂ ਇਕ ਪਲ ਵੀ
  ਤੇਰੀ ਨੀਂਦ
  ਮੈਨੂੰ ਸੌਣ ਨਹੀਂ ਦਿੰਦੀ
  ..... .....

  ਦੀਵਿਆਂ ਨੂੰ ਸੁਆ ਕੇ ਵੀ
  ਖ਼ੁਦ ਜਾਗਦੀ ਰਹਿੰਦੀ *(ਜਾਗਦੀ ਹਾਂ ਮੈਂ)*

- ਸਵੇਰ ਆਉਂਦੀ ਹੈ
  ਤਾਂ ਅਖ਼ਬਾਰ ਬੂਹੇ 'ਤੇ
  ਕਿੰਨੀਆਂ ਕਿਤਾਬਾਂ ਦੇ
  ਮਰ ਮੁਕ ਜਾਣ ਦੀ ਖ਼ਬਰ ਲਿਆਉਂਦੀ ਹੈ *(ਮੁਹੱਬਤ ਦੀ ਪੁਸਤਕ)*

- ਜਦੋਂ ਵੀ ਕਿਸੇ ਸਫ਼ਰ 'ਤੇ ਤੁਰਦੀ ਹਾਂ
  ਹਰ ਵਾਰ ਪਹਿਲਾਂ
  ਮੈਂ ਤੇਰਾ ਚਿਹਰਾ ਪੜ੍ਹਦੀ ਹਾਂ
  ਬੋਲਣ ਤੋਂ ਪਹਿਲਾਂ
  ਲਫ਼ਜ਼ਾਂ ਦੀ ਚੋਣ ਕਰਦੀ ਹਾਂ
  ਕੁੱਝ ਵੀ ਕਹਿਣ ਤੋਂ ਪਹਿਲਾਂ
  ਤੇਰੇ ਰੁਸਣ ਤੋਂ ਡਰਦੀ ਹਾਂ
  ਪਤਾ ਨਹੀਂ ਹਰ ਵਾਰ
  ਮੈਂ ਉਹੀ ਕਿਉਂ ਕਰਦੀ ਹਾਂ
  ਜੋ ਮੈਂ ਤੇਰੇ ਤੋਂ ਪੜ੍ਹਦੀ ਹਾਂ...

  ਵੇ ਨਿਰਮੋਹਿਆ !
  ਸੰਵੇਦਨਾ ਤੋਂ ਕੋਰਿਆ !!
  ਕਦੇ ਤੂੰ ਵੀ ਇੰਜ ਕਰ ਲਿਆ ਕਰ

ਮੇਰੇ ਚਿਹਰੇ ਦੇ ਮੂਕ ਸਫ਼ੇ ਤੋਂ
ਅਣਲਿਖੀ ਇਬਾਰਤ ਪੜ੍ਹ ਲਿਆ ਕਰ *(ਤੇਰਾ ਚਿਹਰਾ ਪੜ੍ਹਦਿਆਂ)*

- ਮੌਤ ਨਹੀਂ ਦਿੰਦੇ ਉਹ ਮੈਨੂੰ
  ਜਿਉਂਦਾ ਰਖਦੇ ਨੇ
  ਕਿ ਮੈ ਬੇਵਸ ਅੱਖਾਂ ਨਾਲ਼ ਦੇਖ ਸਕਾਂ
  ਆਸ਼ਾਵਾਂ ਦੀਆਂ ਪੈਲ਼ੀਆਂ ਵਿਚ
  ਬੇਗ਼ਾਨੀਆਂ ਲਾਲਸਾਵਾਂ ਦੇ ਹਲ਼ ਚੱਲਦੇ *(ਜ਼ੋਰਾਵਰ)*

ਮਾਂ ਵਿਚ, ਧੀਆਂ-ਪੁੱਤਰਾਂ ਵਿਚ ਤੇ ਮੁਹੱਬਤ ਵਿਚ ਨਵਰੂਪ ਦਾ ਕਾਮਲ ਯਕੀਨ ਹੈ :

- ਹਰ ਸ਼ੈ ਅਪੂਰਨ ਹੈ
  ਪਰ ਸੰਪੂਰਨ ਹੁੰਦੀ ਹੈ ਮਾਂ

  ਕੁੱਝ ਨਹੀਂ ਮੰਗਦੀ
  ਮੋਹ ਮਮਤਾ ਤੋਂ ਬਿਨਾਂ
  ਨਿੱਕੇ ਜਿਹੇ ਹੁੰਗਾਰੇ ਨਾਲ਼ ਹੀ
  ਪਸੀਜ ਜਾਂਦੀ ਮਾਂ *(ਮਾਂ)*

- ਰਾਤ ਵੀ ਨਿਰੀ ਮਾਂ ਜਿਹੀ
  ਅੱਕਦੀ ਨਾ ਥੱਕਦੀ
  ਸੁਫ਼ਨੇ ਬੁਣਦੀ ਰਹਿੰਦੀ
  ਬੁੱਕਲ 'ਚ ਖੇਡਦਾ ਚੰਨ
  ਉਨ ਦੇ ਸਾਰੇ ਧਾਗੇ ਉਲਝਾ ਦਿੰਦਾ *(ਰਾਤ ਜਾਗਦੀ ਹੈ)*

- ਨਾ ਰੋ ਮਾਂ
  ਮਹਿੰਗੇ ਮੋਤੀ ਅੱਖੀਓਂ ਨਾ ਕੇਰ
  ਆਪਣੇ ਵੀ ਚੰਗੇ ਦਿਨ ਆਉਣਗੇ
  ਮੈਂ ਮਾਂ ਦੀਆਂ ਅੱਖਾਂ
  ਉਸੇ ਦੀ ਚੁੰਨੀ ਨਾਲ਼ ਪੂੰਝਦੀ ਤੇ ਆਖਦੀ :
  ਮੈਨੂੰ ਵੱਡੀ ਹੋ ਲੈਣ ਦੇ ਮਾਂ
  ਤੇਰੇ ਮੱਥੇ ਦੇ ਸਾਰੇ ਦੁੱਖ
  ਚੂਸ ਲਵਾਂਗੀ ਇੱਕੋ ਸਾਹ...

  ਹੁਣ ਜਦ ਕਦੇ
  ਮੇਰੀ ਅੱਖ ਸਿੱਲ੍ਹੀ ਹੁੰਦੀ

ਤਾਂ ਮੇਰਾ ਪੁੱਤਰ ਆਖਦਾ
ਐਨ ਮੇਰੇ ਵਾਂਗ ਹੀ
ਰੋ ਨਾ ਮਾਂ! ਆਪਣੇ ਵੀ ਚੰਗੇ ਦਿਨ ਆਉਣਗੇ *(ਨਾ ਰੋ ਮਾਂ)*

- ਤੂੰ
  ਕੋਸੇ ਸਾਹਾਂ 'ਚੋਂ ਕਿਰਿਆ
  ਅੰਮ੍ਰਿਤ ਵੇਲੇ ਦਾ ਸਲੋਕ ਬਣ
  ਮੈਂ
  ਤੇਰੇ ਸ਼ਬਦਾਂ ਨੂੰ ਸਾਂਭਦੀ
  ਲਿਫ਼-ਲਿਫ਼ ਕਰਦੀ ਸਤਰ ਬਣਾਂਗੀ *(ਤੂੰ ਤੇ ਮੈਂ)*

- ਕਦੋਂ ਮਲਕੜੇ ਜਿਹੇ ਮੈਂ
  ਤੇਰੀ ਰੂਹ ਦੇ ਅੰਦਰ
  ਵਾਸ ਕਰ ਲਿਆ
  ਤੈਨੂੰ ਪਤਾ ਹੀ ਨਾ ਲੱਗਾ

  ਫੁੱਲਾਂ ਵਾਂਗ ਰੂਹਾਂ ਦੀ ਵੀ
  ਪਰਾਗਣ ਕਿਰਿਆ ਹੁੰਦੀ ਹੈ *(ਤੈਨੂੰ ਪਤਾ ਹੀ ਨਾ ਲੱਗਾ)*

- ਫੱਗਣ ਦਿਆ ਮਹੀਨਿਆ!
  ਫਿਰ ਕਦੋਂ ਆਏਂਗਾ? *(ਬੜੀ ਵਾਰ ਸੋਚਦੀ ਹਾਂ)*

ਨਵਰੂਪ ਦੀਆਂ ਕਵਿਤਾਵਾਂ ਵਿਚ ਅਹਿਸਾਸਾਂ, ਖ਼ਿਆਲਾਂ ਅਤੇ ਇਜ਼ਹਾਰਾਂ ਦੀ ਮੌਲਿਕਤਾ ਅਤੇ ਸੱਜਰਾਪਨ ਹੈ। ਉਸ ਦੀ ਸੰਵੇਦਨਾ ਵਿਚ ਉਦਾਸੀ ਤਾਂ ਹੈ, ਪਰ ਇਸ ਦੇ ਨਾਲ਼ ਹੀ ਚਾਹਤ, ਪਿਆਰ ਅਤੇ ਜ਼ਿੰਦਗੀ ਦੀ ਖ਼ੂਬਸੂਰਤੀ ਵਿਚ ਯਕੀਨ ਵੀ ਹੈ। ਨਿੱਜੀ ਰਿਸ਼ਤਿਆਂ ਤੋਂ ਪਾਰ ਜਾ ਕੇ ਮਾਨਵਤਾ ਲਈ ਕੁੱਝ ਕਰਨ ਦੀ ਤੜਪ ਉਸ ਦੀ ਜ਼ਿੰਦਗੀ ਅਤੇ ਕਵਿਤਾ ਦਾ ਇਕ ਹੋਰ ਪਾਸਾਰ ਉਜਾਗਰ ਕਰਦੀ ਹੈ। ਕਵਿਤਾ ਨਿੱਕੇ ਨਿੱਕੇ ਕੰਮ ਇਸ ਦੀ ਮਿਸਾਲ ਹੈ।

ਉਸ ਦੇ ਅਹਿਸਾਸਾਂ ਅਤੇ ਇਜ਼ਹਾਰਾਂ ਵਿਚ ਇਕ ਖ਼ੁਸ਼ਮਿਜ਼ਾਜੀ ਉਸ ਦੀ ਇਕ ਹੋਰ ਵਿਲੱਖਣਤਾ ਹੈ। ਜੋ ਜ਼ਿੰਦਗੀ ਅਤੇ ਭਾਸ਼ਾ ਪ੍ਰਤੀ ਨਵਰੂਪ ਦੀ ਸਿਰਜਣਾਤਮਕ ਪਹੁੰਚ ਨੂੰ ਰੌਸ਼ਨ ਕਰਦੀ ਹੈ:

ਪਹਿਲਾਂ ਬੇਗ਼ਾਨਗੀ ਦਾ ਪਰਦਾ ਉਤਾਰ
ਖ਼ੁਦ ਨੂੰ ਖ਼ੁਦ ਤੋਂ ਉਭਾਰ
ਲਗਾਤਾਰ ਕਿਸ਼ਤਾਂ ਭਰ
ਸ਼ਬਦਾਂ ਦਿਆਂ ਟਕਿਆਂ ਨਾਲ਼

ਮੋਹ ਭਰੀਆਂ ਤਕਣੀਆਂ ਦਾ ਕਰਜ਼ ਮੋੜ
ਤੂੰ ਨਹੀਂ ਜਾਣਦਾ
ਤੇਰੀ ਰਿਸ਼ਤਗੀ ਦੀਆਂ
ਕਿੰਨੀਆਂ ਕਿਸ਼ਤਾਂ ਟੁੱਟ ਗਈਆਂ *(ਰਿਸ਼ਤਗੀ)*

ਕਵਿਤਾ ਨਾਲ ਨਵਰੂਪ ਦਾ ਰਿਸ਼ਤਾ ਬਹੁਤ ਗਹਿਰਾ ਤੇ ਬਹੁ-ਪਰਤਾ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਿਰਫ਼ ਨਵਰੂਪ ਹੀ ਕਵਿਤਾ ਨੂੰ ਨਹੀਂ ਸਿਰਜਦੀ, ਕਵਿਤਾ ਵੀ ਉਸ ਨੂੰ ਸਿਰਜਦੀ ਹੈ। ਇਹ ਸਿਰਫ਼ ਇਜ਼ਹਾਰ ਹੀ ਨਹੀਂ ਇਹ ਧਿਆਨ, ਸੋਚ, ਅਹਿਸਾਸਾਂ ਤੇ ਚਿੰਤਨ ਵਿਚ ਗਹਿਰੇ ਹੋਰ ਗਹਿਰੇ ਉਤਰਨ ਦੀ ਵੀ ਪ੍ਰਕਿਰਿਆ ਹੈ। ਕਵਿਤਾ ਦੁੱਖ ਦੇ ਪਲਾਂ 'ਚ ਉਸ ਦੀ ਆਸ ਹੈ, ਧਰਵਾਸ ਹੈ, ਉਸ ਨੂੰ ਨਵੇਂ ਸਾਹ ਬਖ਼ਸ਼ਦੀ ਹੈ :

ਕਵਿਤਾ ਮੈਨੂੰ ਸੁਆਸ ਬਖ਼ਸ਼ਦੀ ਹੈ
ਆਸ ਦੀ ਕੰਨੀ ਫੜਾਉਂਦੀ ਹੈ
ਕਵਿਤਾ ਮੈਨੂੰ ਧਰਵਾਸ ਦਿੰਦੀ ਹੈ
ਅਹਿਸਾਸ ਤੋਂ ਜਾਣੂ ਕਰਵਾਉਂਦੀ ਹੈ
ਕਵਿਤਾ ਮੈਨੂੰ ਘੂਰਦੀ ਵੀ ਹੈ
ਕਵਿਤਾ ਮੈਨੂੰ ਸ਼ਾਬਾਸ਼ ਦਿੰਦੀ ਹੈ *(ਮੈਂ ਕਵਿਤਾ ਨਹੀਂ ਲਿਖਦੀ)*

ਪੰਜਾਬੀ ਕਵਿਤਾ ਦੇ ਖੇਤਰ ਵਿਚ ਨਵਰੂਪ ਦੀ ਆਮਦ ਇਕ ਨਵੀਂ ਸੂਹਜ ਸੰਵੇਦਨਾ, ਸੱਜਰੇ ਮੌਲਿਕ ਅਹਿਸਾਸਾਂ ਅਤੇ ਨਿਵੇਕਲੇ ਇਜ਼ਹਾਰਾਂ ਦੀ ਆਮਦ ਹੈ। ਉਹ ਦਾਨਿਸ਼ਵਰ ਵੀ ਹੈ ਤੇ ਅਹਿਸਾਸਾਂ ਭਰੀ ਵੀ। ਉਸ ਕੋਲ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਕਵਿਤਾ ਵਿਚ ਢਾਲਣ ਦੀ ਭਾਸ਼ਾ ਸਮਰੱਥਾ, ਪ੍ਰਤਿਭਾ ਅਤੇ ਮੁਹਾਰਤ ਵੀ ਹੈ। ਉਸ ਦੀ ਕਵਿਤਾ ਅਚੇਤੇ ਹੀ ਮਾਨਵੀ ਜ਼ਿੰਦਗੀ ਵਿਚ ਸੁਹਣੇ ਰਿਸ਼ਤਿਆਂ ਉੱਤੇ ਆਧਾਰਿਤ ਸੁਹਣਾ, ਨਿਆਂਪੂਰਣ, ਕਲਾ ਰਸਿਕ, ਖ਼ੁਸ਼ਹਾਲ ਅਤੇ ਇਕ-ਦੂਜੇ ਦੇ ਦੁੱਖਾਂ ਪ੍ਰਤੀ ਸੰਵੇਦਨਸ਼ੀਲ ਵਿਅਕਤੀਆਂ ਦਾ ਸਮਾਜ ਸਿਰਜਣ ਵੱਲ ਰੁਚਿਤ ਹੈ।

ਪੰਜਾਬੀ ਕਵਿਤਾ ਦੀ ਦੁਨੀਆਂ ਵਿਚ ਨਵਰੂਪ ਦੀ ਸੁਹਜਮਈ ਤੇ ਸੰਵੇਦਨਸ਼ੀਲ ਆਮਦ ਨੂੰ ਹਾਰਦਿਕ ਜੀ ਆਇਆਂ ਨੂੰ ਆਖਦਾ ਹਾਂ।

**ਸੁਰਜੀਤ ਪਾਤਰ**

## ਵਕਤ

ਸੁਣਿਆ ਸੀ ਕਿ ਵਕਤ
ਕਿਸੇ ਲਈ ਨਹੀਂ ਠਹਿਰਦਾ
ਪਰ ਮੈਂ ਵਕਤ ਨੂੰ
ਰੁਕਦੇ ਵੇਖਿਆ ਹੈ ਕਈ ਵਾਰ

ਵਕਤ ਮੇਰੇ ਐਨ
ਸਾਹਮਣੇ ਆਣ ਖਲੋ ਜਾਂਦਾ ਹੈ
ਮੇਰੀਆਂ ਨੀਲੀਆਂ ਅੱਖਾਂ 'ਚ ਝਾਕਦਾ ਹੈ
ਤੇ ਕਹਿੰਦਾ ਹੈ:
"ਤੇਰੇ ਹਾਸੇ ਦੀਆਂ
ਟੁਣਕਦੀਆਂ ਟੱਲੀਆਂ ਨੂੰ
ਸੁਣਨ ਲਈ ਰੁਕ ਗਿਆ ਸਾਂ"

ਵਕਤ ਮੇਰੀ ਪਿੱਠ ਪਛਾਣਦਾ
ਪਿੱਛੇ-ਪਿੱਛੇ ਤੁਰਦਾ ਹੈ
ਕਦੇ ਰਾਹ-ਦਸੇਰਾ ਬਣ ਕੇ
ਅੱਗੇ ਅੱਗੇ ਦੌੜਦਾ ਹੈ
ਕਦੇ ਹਮਸਫ਼ਰ ਬਣ ਕੇ
ਨਾਲ਼ ਨਾਲ਼ ਵੀ ਤੁਰ ਪੈਂਦਾ ਹੈ

ਵਕਤ ਮੇਰੀ ਸਿਫ਼ਤ ਸਲਾਹ ਕਰਦਾ
ਆਖਦਾ ਹੈ ਮੈਨੂੰ:
"ਤੇਰੀ ਤਕਣੀ ਵਰਗੀ
ਮੇਰੇ ਕੋਲ ਨਜ਼ਰ ਨਹੀਂ ਹੈ
ਤੇਰੀ ਤੋਰ ਵਰਗੀ
ਮੇਰੇ ਕੋਲ ਝਾਂਜਰ ਨਹੀਂ ਹੈ
ਤੇਰੇ ਬੋਲਾਂ ਜਿਹਾ
ਮੇਰੇ ਕੋਲ ਕੋਈ ਘੁੰਗਰੂ ਨਹੀਂ ਹੈ"

ਵਕਤ ਦੇ ਇਹ ਬੋਲ ਸੁਣ ਕੇ
ਮੈਂ ਖ਼ੁਸ਼ੀ 'ਚ ਖੀਵੀ ਹੋਈ
ਫੈਲ ਜਾਂਦੀ ਹਾਂ ਸਾਰੇ ਖ਼ਲਾਅ ਵਿਚ
ਸੰਦਲੀ ਹਵਾ ਬਣ ਕੇ... ...

•

## ਕੁੱਝ ਕਰ...

ਜ਼ਿੰਦਗੀ ਦਾ ਸੱਚ ਤਾਂ
ਕੁੱਝ ਹੋਰ ਹੈ ਕੁੜੀਏ!
ਕੋਮਲ ਜਿਹੀ, ਸੋਹਲ ਜਿਹੀ ਬਣ ਕੇ
ਐਵੇਂ ਤਰਸ ਦੀ ਪਾਤਰ ਨਾ ਬਣ

ਕੁੱਝ ਕਰ ਦਿਖਾਉਣ ਦੀ
ਹਿੰਮਤ ਰੱਖ
ਖ਼ੁਦ ਉੱਤੇ ਰੱਖ ਵਿਸ਼ਵਾਸ
ਬਣਾ ਆਪਣੀ ਜ਼ਿੰਦਗੀ ਨੂੰ ਖ਼ਾਸ
ਐਵੇਂ ਪੱਥਰ ਦਾ ਬੁੱਤ ਬਣ ਕੇ
ਨੁਮਾਇਸ਼ ਨਾ ਬਣ

ਪੱਥਰਾਂ ਨੂੰ ਕੱਟਣਾ ਸਿੱਖ
ਕਿਸੇ ਫ਼ਰਿਹਾਦ ਦੀ ਉਡੀਕ ਨਾ ਕਰੀਂ
ਸੱਸੀ ਬਣ, ਭਾਵੇਂ ਹੀਰ
ਪਰ ਸਾਹਿਬਾਂ ਬਣ ਕੇ
ਜੰਡ 'ਤੇ ਤਰਕਸ਼ ਨਾ ਟੰਗ

ਤੀਰ ਅਤੇ ਕਮਾਨ
ਦੋਵੇਂ ਆਪਣੇ ਹੱਥਾਂ 'ਚ ਫੜ੍ਹ
ਨਿਸ਼ਾਨੇ ਉੱਪਰ
ਤਿਰਛੀ ਨਜ਼ਰ ਨਾਲ਼ ਸ਼ਿਸ਼ਤ ਬੰਨ੍ਹ

ਸੁਬਕ ਜਿਹੀ ਕੁੜੀਏ!
ਐਵੇਂ
ਤਰਸ ਦਾ ਪਾਤਰ ਨਾ ਬਣ।

•

## ਪਰੰਪਰਾ

ਘਸੀ ਪਿਟੀ ਪਰੰਪਰਾ
ਪ੍ਰੇਤ ਬਣ
ਮੇਰੇ ਬੂਹੇ ਬਾਰੀਆਂ ਨੂੰ ਭੰਨਦੀ
ਡਰ ਸਹਿਮ
ਮੇਰੇ ਅੰਦਰ ਭਰਦੀ

ਲਾਲ ਸੰਧੂਰੀ ਪੀਲੀਆਂ ਵਸਤਾਂ
ਮੇਰੇ ਵਿਹੜੇ 'ਚ ਖੰਡਾਉਂਦੀ
ਖ਼ਾਮ-ਖਾਹ ਮੈਨੂੰ ਡਰਾਉਂਦੀ
ਹਰ ਰੋਜ਼ ਮੇਰਾ ਪੱਕਾ ਘੜਾ
ਕੱਚੇ 'ਚ ਬਦਲਦੀ
ਕਦੇ ਅੱਖਾਂ ਦਿਖਾਉਂਦੀ
ਅਣਚਾਹੇ ਹੁਕਮ ਚਲਾਉਂਦੀ

ਨਹੀਂ ਜਾਣਦੀ ਉਹ
ਇਕ ਦਿਨ ਮੈਂ ਇਸ ਨੂੰ
ਸ਼ੀਸ਼ੀ 'ਚ ਪਾਉਣਾ
ਜਿਥੋਂ ਮੁੜ ਨਾ ਸਕੇ
ਉਸ ਥਾਂ 'ਤੇ ਦਫ਼ਨਾਉਣਾ।

•

## ਕੱਚਾ ਕੋਠਾ

ਬਾਹਰੋਂ ਆਈ
ਮੇਰੀ ਧੀ ਨੂੰ
ਮੇਰਾ ਕੱਚਾ ਜਿਹਾ ਕੋਠਾ ਬਹੁਤ ਪਸੰਦ ਹੈ

ਉਸ ਨੂੰ ਇਸ ਦੀ ਮਿੱਟੀ 'ਚੋਂ
ਵੱਖਰੀ ਜਿਹੀ ਸੁਗੰਧ ਆਉਂਦੀ ਹੈ

ਉਹ ਹਮੇਸ਼ਾ ਆਖਦੀ ਹੈ
ਬੇਬੇ!
ਤੇਰਾ ਇਹ ਕੱਚਾ ਕੋਠਾ
ਕਿੰਨੀ ਬਰਕਤ ਵਾਲਾ ਹੈ

ਜਿੰਨੇ ਮਰਜ਼ੀ ਮਹਿਮਾਨ ਆ ਜਾਣ
ਤੂੰ ਇਸ ਦੀ ਝਲਾਨੀ 'ਚ
ਸਭ ਲਈ ਖਾਣਾ ਪਕਾ ਲੈਨੀਂ ਏਂ

ਜਿੰਨੇ ਮਰਜ਼ੀ ਪ੍ਰਾਹੁਣੇ ਆ ਜਾਣ
ਤੂੰ ਸਭਨਾਂ ਲਈ
ਸੌਣ ਦੀ ਥਾਂ ਬਣਾ ਲੈਨੀਂ ਏਂ

ਤੇ ਬਾਹਰ ਤਾਂ...

ਵਿਦੇਸ਼ੋਂ ਆਈ ਮੇਰੀ ਧੀ
ਚੁੱਪ ਕਰ ਜਾਂਦੀ ਹੈ।

•

## ਘਰ

ਖ਼ੂਬਸੂਰਤ ਹੈ ਉਹੀ ਘਰ
ਜਿਥੇ ਪਿਆਰ, ਸਤਿਕਾਰ
ਸੱਧਰਾਂ, ਉਮੀਦਾਂ, ਸੁਫ਼ਨਿਆਂ ਦੇ
ਰੰਗ-ਬਿਰੰਗੇ ਫੁੱਲੱ ਟਹਿਕਣ

ਪਿਓ—ਇਕ ਮਜ਼ਬੂਤ ਛੱਤ
ਮਾਂ—ਇਕ ਨਿੱਘੀ ਰਸੋਈ
ਬੱਚੇ—ਘਰ ਦੇ ਵੇਲ ਬੂਟੇ

ਘਰ ਦਾ ਬਗ਼ੀਚਾ
ਮਹਿਕ ਉੱਠਦਾ ਹੈ
ਆਪਣੇ ਹੱਥੀਂ ਲਗਾਏ
ਰੰਗ-ਬਿਰੰਗੇ ਖ਼ੂਬਸੂਰਤ ਪੌਦਿਆਂ ਨਾਲ਼
ਇਕ-ਇਕ ਇਕਾਈ ਮਿਲ ਕੇ
ਘਰ ਨੂੰ ਸੰਪੂਰਨ ਬਣਾਉਂਦੀ ਹੈ

ਮਹਿਕਦੇ ਝੂਮਦੇ ਬੱਚਿਆਂ ਨੂੰ ਵੇਖ
ਮਾਂ-ਪਿਓ, ਖ਼ੁਸ਼ੀ ਨਾਲ਼ ਖੀਵੇ ਹੋ ਜਾਂਦੇ
ਘਰ ਦਾ ਕੋਈ ਜੀਅ ਉਦਾਸ ਹੁੰਦਾ
ਤਾਂ ਘਰ ਦੇ ਚਿਹਰੇ ’ਤੇ ਪਤਝੜ ਛਾ ਜਾਂਦੀ

ਦੋਸਤੋ!
ਖ਼ੂਬਸੂਰਤ ਇਮਾਰਤਾਂ ਘਰ ਨਹੀਂ ਹੁੰਦੀਆਂ
ਸੋਹਣੇ ਕਲੀਨ, ਪੇਟਿੰਗਜ਼, ਫੁੱਲਦਾਨ
ਘਰ ਨੂੰ ਸਜਾ ਤਾਂ ਸਕਦੇ
ਪਰ ਵਸਾ ਨਹੀਂ ਸਕਦੇ

ਨਿੱਕੀਆਂ-ਨਿੱਕੀਆਂ ਇੱਟਾਂ ਨੂੰ ਚਿਣ ਕੇ
ਉਸਰਦੇ ਨੇ ਮਕਾਨ
ਨੰਨ੍ਹੀਆਂ-ਨੰਨ੍ਹੀਆਂ ਰੀਝਾਂ ਪਰੋਅ ਕੇ
ਘਰ ਬਣਦਾ ਹੈ

ਜਦੋਂ ਮਜ਼ਬੂਰੀਆਂ ਘਰ ਦੇ ਜੀਆਂ ਨੂੰ
ਅਣਗਾਹੇ ਸਫ਼ਰ 'ਤੇ ਤੋਰਦੀਆਂ
ਮਾਂ ਕਿਧਰੇ ਵੀ ਦਿਖਾਈ ਨਾ ਦਿੰਦੀ
ਪਿਓ ਕਿਸੇ ਹੋਰ ਅਣਦੱਸੀ ਥਾਂ ਚਲਾ ਜਾਂਦਾ
ਬੱਚੇ ਆਪਣੇ ਭਵਿੱਖ ਨੂੰ ਲੱਭਦੇ
ਅਣਦੇਖੇ ਸਫ਼ਰ 'ਤੇ ਤੁਰ ਪੈਂਦੇ...ਸੱਤ ਸਮੁੰਦਰੋਂ ਪਾਰ
ਤਾਂ ਉਦੋਂ
ਘਰ ਬਹੁਤ ਉਦਾਸ ਹੋ ਜਾਂਦਾ
ਖੰਡਰ ਜਿਹਾ ਮਹਿਸੂਸ ਕਰਦਾ

ਤੇ ਸੁੰਨੇ ਘਰ ਉੱਤੇ
ਟਿਕ ਜਾਂਦੀਆਂ ਬੇਗ਼ਾਨੀਆਂ ਨਜ਼ਰਾਂ...

•

## ਆਸ-ਧਰਵਾਸ

ਕਾਸ਼!
ਲੋਕਾਈ ਦੇ ਵੱਡੇ ਫ਼ਿਕਰਾਂ ਵਿਚ
ਰਚ ਜਾਣ ਮੇਰੇ ਨਿੱਕੇ-ਨਿੱਕੇ ਸੰਸੇ
ਬੰਦੇ ਦੀਆਂ ਜ਼ਰੂਰੀ ਲੋੜਾਂ ਅੱਗੇ
ਸਿਮਟ ਜਾਣ ਮੇਰੀਆਂ ਬਾਰੀਕ ਤੋਟਾਂ

ਜ਼ਿੰਦਗੀ ਦੇ ਲੰਮੇਂ ਪੈਂਡਿਆਂ ਵਿਚ
ਮਿਲ ਜਾਵੇ ਨਿੱਕੀ ਜਿਹੀ ਪਗਡੰਡੀ

ਕਾਸ਼!
ਅਥਾਹ ਸਾਗਰ ਵਿਚ
ਵਿਲੀਨ ਹੋ ਜਾਵੇ ਨੀਲੀ ਨਦੀ

ਚੈਨ ਦੀ ਮਿੱਠੀ ਚਾਨਣੀ ਵਿਚ
ਘੁਲ਼ ਜਾਵੇ ਤਾਰਿਆਂ ਦੀ ਲੋਅ

ਰੁੱਖਾਂ ਦੀਆਂ ਟਹਿਣੀਆਂ ਉੱਤੇ
ਉੱਗ ਆਉਣ ਪੰਛੀਆਂ ਦੇ ਆਲ੍ਹਣੇ

ਕਾਸ਼!
ਆਪਾਂ ਵੀ
ਇਕ ਵਾਰ ਘਰ ਪਰਤ ਆਈਏ
ਫਿਰ ਤੋਂ ਅਗਲੀਆਂ ਉਦਾਸੀਆਂ 'ਤੇ ਜਾਣ ਲਈ...

•

## ਰੁੱਖ ਨਾ ਕਦੇ ਇਕੱਲਾ

ਜਦ ਤੱਕ ਜੜ੍ਹਾਂ ਸਲਾਮਤ
ਰੁੱਖ ਨਾ ਕਦੇ ਉਦਾਸ...ਰੁੱਖ ਨਾ ਕਦੇ ਇਕੱਲਾ

ਨਾਲ਼-ਨਾਲ਼ ਰਹਿੰਦੀਆਂ ਚਾਰੇ ਰੁੱਤਾਂ
ਕੋਲ-ਕੋਲ ਬਹਿੰਦੀਆਂ ਛਾਵਾਂ-ਧੁੱਪਾਂ
ਧੀਆ-ਪੁੱਤਾਂ ਜਿਹੇ ਫਲ਼-ਫੁੱਲ-ਪੱਤੇ
ਛਾਂਗਣ ਤੋਂ ਬਾਅਦ ਵੀ ਰੁੱਖ
ਸੀਨਾ ਤਾਣ ਕੇ ਖੜ੍ਹਦਾ
ਰੁੱਖ ਕੋਲ
ਕਿੰਨਾ ਕੁੱਝ ਹੋਰਾਂ ਨੂੰ ਵੰਡਣ ਲਈ ਹੁੰਦਾ
ਰੁੱਖ ਨਾ ਕਦੇ ਇਕੱਲਾ

ਆਲ੍ਹਣੇ ਹੁੰਦੇ ਪੰਛੀਆਂ ਦੇ
ਰੁੱਖਾਂ ਦੀਆਂ ਟਹਿਣੀਆਂ ’ਤੇ ਸਜੇ ਹੋਏ
ਚਿੜੀਆਂ, ਘੁੱਗੀਆਂ, ਗੁਟਾਰਾਂ ਚਹਿਕਦੀਆਂ
ਕੁਦਰਤ ਦੇ ਗੀਤ ਗਾਉਂਦੀਆਂ
ਘਰ ਦੇ ਜੀਆਂ ਵਾਂਗ
ਹਰ ਮੌਸਮ ’ਚ ਭਾਈਵਾਲ...ਰੁੱਖ ਨਾ ਕਦੇ ਇਕੱਲਾ

ਹਵਾਵਾਂ ਆਉਂਦੀਆਂ ਰਿਸ਼ਤੇਦਾਰਨੀਆਂ ਬਣ ਕੇ
ਪੱਤਿਆਂ ਨੂੰ ਗਾਉਣਾ ਸਿਖਾਉਂਦੀਆਂ
ਹਵਾਵਾਂ ਆਉਂਦੀਆਂ
ਰੁੱਖ ਨਾਲ਼ ਦੁੱਖ-ਸੁੱਖ ਕਰਨ
ਬਰਫ਼ ਬਣ ਕੇ ਲੂਸੇ ਪੱਤਿਆਂ ਨੂੰ ਸਕੂਨ ਦਿੰਦੀਆਂ
ਤੇਜ਼ ਹਵਾਵਾਂ ਵੀ ਆਉਂਦੀਆਂ ਕਦੇ-ਕਦੇ
ਰੁੱਖਾਂ ਤੋਂ ਝੜੇ ਸੁੱਕੇ ਪੱਤਿਆਂ ਨੂੰ
ਆਪਣੀ ਜੇਬ ’ਚ ਪਾ ਕੇ ਤੁਰ ਜਾਂਦੀਆਂ

ਰੁੱਖ ਕੋਲ ਆਰੀ ਲੈ ਕੇ
ਕਦੇ ਵੀ ਨਹੀਂ ਆਉਂਦੇ ਮੌਸਮ
ਰੁੱਖ ਨਾ ਕਦੇ ਇਕੱਲਾ

ਰੁੱਖ ਸਰਵੋਤਮ ਜੂਨੀ ਹੰਢਾਉਂਦਾ
ਪਰ ਆਦਮੀ ਅਕ੍ਰਿਤਘਣ
ਸਭ ਕੁੱਝ ਮੁਫ਼ਤ ਲੈ ਕੇ
ਜੜ੍ਹਾਂ 'ਚ ਆਰੀ ਫੇਰਦਾ

ਫੇਰ ਵੀ...
ਰੁੱਖ ਨਾ ਕਦੇ ਇਕੱਲਾ
ਜਾਣ ਵੇਲੇ ਆਪਣੇ ਬੀਜ ਪਿੱਛੇ ਛੱਡ ਜਾਂਦਾ
ਤਿੱਖੀਆਂ ਧੁੱਪਾਂ 'ਚ ਛਾਵਾਂ ਵੰਡਦਾ
ਭੁੱਖ ਵੇਲੇ ਫਲ਼ ਬਖ਼ਸ਼ਦਾ
ਫੁੱਲ-ਕਲੀਆਂ ਨਾਲ਼ ਧਰਤੀ ਨੂੰ ਸੁਹਾਗਣ ਰੱਖਦਾ

ਆਰੀਆਂ ਵਾਲਿਓ!
ਕੁਹਾੜੀਆਂ ਵਾਲਿਓ!
ਮੇਰੀ ਹਸਤੀ ਕਿੰਜ ਮਿਟਾਉਗੇ!

ਮੈਂ ਤਾਂ
ਤੁਹਾਨੂੰ ਰੁਖ਼ਸਤ ਕਰਨ ਵੇਲ਼ੇ ਵੀ
ਤੁਹਾਡੇ ਨਾਲ਼ ਖੜ੍ਹਾ ਹਾਂ...

•

## ਤਨ ਦੀ ਪੰਡ ਪੁਰਾਣੀ

ਜੀਅ ਕਰਦਾ ਹੈ ਮਨ ਤੋਂ ਲਾਹਾਂ
ਤਨ ਦੀ ਪੰਡ ਪੁਰਾਣੀ
ਪੌਣਾਂ ਦੇ ਵਿਚ ਸਾਹ ਰਲ ਜਾਵਣ
ਪਾਣੀ ਦੇ ਵਿਚ ਪਾਣੀ

ਇਕ ਪੂਣੀ ਵੀ ਕੱਤ ਨਾ ਸਕੀ
ਸਖੀਆਂ ਦੇ ਸੰਗ ਰਲ ਕੇ
ਟੁੱਟ ਟੁੱਟ ਜਾਵੇ ਤੰਦ ਸਾਹਾਂ ਦੀ
ਕੈਸੀ ਉਲਝੀ ਤਾਣੀ

ਨਾਲ਼ ਦੀਆਂ ਸਭ ਸਹੁਰੇ ਚੱਲੀਆਂ
ਮੈਂ ਕੀ ਕਰਨਾ ਪੇਕੇ
ਜਿਥੇ ਮੇਰਾ ਰਾਂਝਣ ਵੱਸੇ
ਮੇਰੀ ਉਥੇ ਆਉਣੀ-ਜਾਣੀ

ਕਿਸ ਵਿਧ ਵੇਖਾਂ ਬਿਨ ਅਮਲਾਂ ਤੋਂ
ਸੋਹਣੇ ਜੱਗ ਦਾ ਮੇਲਾ
ਨਾ ਕੋਈ ਟਕਾ ਦੇਹੀ ਦੇ ਖੀਸੇ
ਨਾ ਕੋਈ ਰੂਹ ਦਾ ਹਾਣੀ

ਜੀਅ ਕਰਦਾ ਹੈ ਮਨ ਤੋਂ ਲਾਹਾਂ
ਤਨ ਦੀ ਪੰਡ ਪੁਰਾਣੀ
ਪੌਣਾਂ ਦੇ ਵਿਚ ਸਾਹ ਰਲ ਜਾਵਣ
ਪਾਣੀ ਦੇ ਵਿਚ ਪਾਣੀ

•

## ਵਿਪਰੀਤ ਸੁਰਾਂ ਦੀ ਨਜ਼ਮ

ਜਦੋਂ ਮੈਂ
ਪਤਝੜ ਨਾਲ਼
ਗੱਲਾਂ ਕਰਨ ਲੱਗੀ
ਤਾਂ ਇਕ ਹਰਾ-ਭਰਾ ਰੁੱਖ
ਮੇਰੇ ਕੋਲ ਆ ਬੈਠਾ

ਜਦੋਂ ਮੈਂ
ਨੰਗੇ ਪੈਰੀਂ
ਕੰਡਿਆਂ 'ਤੇ ਤੁਰ ਪਈ
ਤਾਂ ਰਾਹ ਵਿਚ
ਅੱਧ-ਖਿੜਿਆ ਫੁੱਲ ਮਿਲ ਗਿਆ

ਜਦੋਂ ਮੈਂ
ਉੱਡਦੀ ਅੱਗ ਨੂੰ
ਨਿਗਾਹਾਂ 'ਚ ਭਰਿਆ
ਤਾਂ ਹਰ ਬੰਜਰ ਅੱਖ 'ਚੋਂ
ਪਾਣੀ ਸਿੰਮ ਆਇਆ

ਜਦੋਂ ਮੈਂ
ਟੁੱਟੇ ਖੰਭ
ਤਲੀ ਉੱਤੇ ਰੱਖੇ
ਤਾਂ ਚੇਤਿਆਂ ਵਿਚ
ਪਰਵਾਜ਼ ਭਰ ਗਈ

ਜਦੋਂ ਮੈਂ
ਨਿਰਮੋਹੇ ਪੱਥਰਾਂ ਉੱਪਰ
ਚੌਂਕੜੀ ਮਾਰ ਬੈਠ ਗਈ
ਤਾਂ ਮੇਰੇ ਮਨ ਦਾ ਸ਼ੀਸ਼ਾ
ਨਿਰਮਲ ਹੁੰਦਾ ਚਲਾ ਗਿਆ...

•

## ਸ਼ਬਦਾਂ ਦੀ ਹੋਲੀ

ਆ ਹੋਲੀ ਖੇਡੀਏ!
ਆਰਜ਼ੀ ਰੰਗਾਂ ਤੋਂ ਬਗ਼ੈਰ
ਬਿਨਾਂ ਫੁੱਲ ਤੋੜਿਆਂ
ਸ਼ਬਦਾਂ ਦੀ ਹੋਲੀ

ਮੁਹੱਬਤ ਵਿਚ ਲਬਰੇਜ਼
ਦਿਲਾਂ 'ਚ ਸਾਂਭ ਕੇ ਸਾਰੇ ਪੱਕੇ ਰੰਗ
ਪੋਲੇ ਪੈਰੀਂ
ਆਪਣੀ ਰੂਹਾਂ ਨੂੰ
ਸ਼ਬਦਾਂ ਦੀ ਫੁਹਾਰ ਨਾਲ਼ ਸਰਸ਼ਾਰ ਕਰੀਏ

ਆ...
ਬੇਗ਼ਰਜ਼ ਮੁਸਕਾਨ ਬੁੱਲ੍ਹਾਂ 'ਤੇ ਰੱਖ ਕੇ
ਮਿੱਠੇ-ਮਿੱਠੇ ਬੋਲਾਂ ਦੀ ਸੇਧ ਵਿਚ
ਕਦਮ ਕਦਮ
ਹਰਫ਼-ਹਰਫ਼ ਤੁਰੀਏ

ਜ਼ਰੂਰੀ ਤਾਂ ਨਹੀਂ
ਕੱਚੇ ਰੰਗਾਂ ਦੇ ਗੁਲਾਲ ਉਡਾਈਏ
ਜ਼ਰੂਰੀ ਤਾਂ ਨਹੀਂ
ਫਿੱਕੇ ਰੰਗਾਂ ਦੀ ਸੰਗਤ ਵਿਚ
ਖ਼ੁਦ ਧੁੰਦਲੇ ਹੋ ਜਾਈਏ

ਆ...
ਮਜੀਠ ਰੰਗੀਆਂ ਸਤਰਾਂ 'ਚ ਬੈਠੇ
ਸੁੱਚੇ ਸ਼ਬਦਾਂ 'ਚ ਘੁਲ਼ ਜਾਈਏ
ਕੁਦਰਤ ਦੀ ਕੈਨਵਸ 'ਤੇ ਡੁੱਲ੍ਹੇ
ਸਦੀਵੀ ਰੰਗ 'ਚ ਭਿੱਜ ਜਾਈਏ

ਅੱਧਾ ਸ਼ਬਦ ਤੇਰਾ
ਅੱਧਾ ਸ਼ਬਦ ਮੇਰਾ
ਪੂਰਾ ਸ਼ਬਦ ਸਾਂਝਾ ਆਪਣਾ
ਬੱਸ ਐਦਾਂ ਹੀ
ਸ਼ਬਦ-ਸ਼ਬਦ ਜੋੜ ਕੇ
ਪੂਰਾ ਵਾਕ ਬਣ ਜਾਈਏ
ਅਪੂਰਨ ਤੋਂ
ਸੰਪੂਰਨਤਾ ਦਾ ਰੂਪ ਧਾਰ ਕੇ
ਬੇਗਮਪੁਰਾ ਦੇ ਵਾਸੀ ਬਣ ਜਾਈਏ

ਸ਼ਬਦਾਂ ਦੀ ਧਰਤੀ ਦੇ ਸਫ਼ੇ ਉੱਪਰ
ਉੱਡਣ ਜੋਗਾ ਅੰਬਰ ਸਿਰਜੀਏ
ਸਾਨੂੰ ਨਹੀਂ ਚਾਹੀਦਾ
ਅੰਨ੍ਹਾ-ਬੋਲ਼ਾ-ਗੂੰਗਾ ਅਸਮਾਨ
ਆ ਸੁੱਚੇ ਅਹਿਸਾਸ 'ਚ ਭਿੱਜੀ
ਆਪੋ-ਆਪਣੀ ਜ਼ਰਖ਼ੇਜ਼ ਮਿੱਟੀ 'ਚੋਂ
ਕੋਈ ਧੜਕਣ ਸਿਰਜ ਲਈਏ

ਬੰਜਰ ਸੋਚਾਂ, ਕੰਕਰੀਟ ਖ਼ਾਹਿਸ਼ਾਂ ਤਾਂ
ਸਥੂਲ ਰਿਸ਼ਤੇ ਉਸਾਰਦੀਆਂ ਨੇ
ਪਰ ਅਸੀਂ ਤਾਂ
ਜਾਗਦੀਆਂ ਅੱਖਾਂ ਨਾਲ਼
ਰੰਗੀਨ ਸੁਫ਼ਨੇ ਸਿਰਜਣੇ ਨੇ
ਚੁੱਪ ਦੇ ਗਲੇਸ਼ੀਅਰ ਪਿਘਲਾ ਕੇ
ਤਰਲ-ਤਰਲ ਹੋਣਾ ਹੈ
ਨਦੀ ਬਣ ਕੇ
ਸੰਵੇਦਨਾ ਦੇ ਸੁੱਕ ਰਹੇ ਬਾਗ਼ਾਂ ਨੂੰ ਸਿੰਜਣਾ ਹੈ

ਇਨ੍ਹਾਂ ਬਾਗ਼ਾਂ ਦੀ ਸੰਘਣੀ ਛਾਂ ਵਿਚ ਹੀ
ਸਾਡੇ ਬੱਚਿਆਂ ਨੇ
ਤਿਖ਼ੇਰੀਆਂ ਧੁੱਪਾਂ ਵੇਲੇ ਖੇਡਣਾ ਹੈ
ਇਹਨਾਂ ਰੁੱਖਾਂ ਤੋਂ ਸਾਹ ਲੈ ਕੇ ਹੀ
ਅਗਲੇਰੀਆਂ ਪੀੜ੍ਹੀਆਂ ਦੀ
ਪਰਵਰਿਸ਼ ਹੋਣੀ ਹੈ

ਆ ਹੋਲੀ ਖੇਡੀਏ!
ਵਿਸ਼ਵਾਸ ਦੀ ਕਲਮ ਨਾਲ਼
ਗੂੜ੍ਹੇ ਮਿੱਠੇ ਰੰਗਾਂ ਵਿਚ
ਸਹਿਜ, ਸੂਖ਼ਮ ਤੇ ਸੁਨੱਖੇ ਸ਼ਬਦਾਂ ਵਿਚ
ਜ਼ਿੰਦਗੀ ਦੀ ਇਬਾਰਤ ਲਿਖੀਏ!

ਆ...ਹੋਲੀ...ਖੇਡੀਏ!

•

# ਮੈਂ ਕਵਿਤਾ ਨਹੀਂ ਲਿਖਦੀ

ਮੈਂ ਕਵਿਤਾ ਨਹੀਂ ਲਿਖਦੀ
ਕਵਿਤਾ ਮੈਨੂੰ ਲਿਖਦੀ ਹੈ

ਕਵਿਤਾ
ਮੇਰੀ ਰੂਹ ਦਾ ਅਨੁਵਾਦ ਕਰਦੀ ਹੈ
ਵਕਤ ਦੇ ਸਫ਼ੇ 'ਤੇ
ਮੈਨੂੰ ਅੱਖਰ-ਅੱਖਰ ਸਾਂਭਦੀ ਹੈ
ਪੌਣਾਂ 'ਚੋਂ ਮਹਿਕਾਂ ਚੁਗ ਕੇ
ਮੇਰੇ ਧੁਰ ਅੰਦਰ ਰੱਖ ਦਿੰਦੀ ਹੈ
ਸ਼ਬਦਾਂ ਦੇ ਮੁਰਝਾਏ ਫੁੱਲਾਂ ਵਿਚ
ਫਿਰ ਸੱਜਰੇ ਰੰਗ ਭਰ ਦਿੰਦੀ ਹੈ

ਮੈਂ ਕਵਿਤਾ ਨਹੀਂ ਲਿਖਦੀ
ਕਵਿਤਾ ਮੈਨੂੰ ਲਿਖਦੀ ਹੈ

ਮੇਰੇ ਖੰਭਾਂ 'ਚ ਪਰਵਾਜ਼ ਭਰ ਕੇ
ਪੰਛੀਆਂ ਸੰਗ ਉੱਡਣਾ ਸਿਖਾਉਂਦੀ ਹੈ
ਬੁੱਲ੍ਹੀਆਂ ਦਾ ਸਾਜ ਵਜਾ ਕੇ
ਮੈਨੂੰ ਗਾਉਣਾ ਸਿਖਾਉਂਦੀ ਹੈ
ਕੁਤਕਤਾਰੀਆਂ ਜਿਹੇ ਬੋਲਾਂ ਨਾਲ਼
ਉੱਚੀ-ਉੱਚੀ ਹੱਸਣਾ ਸਿਖਾਉਂਦੀ ਹੈ
ਝਾਂਜਰ ਦੇ ਬੋਰ ਬਣ
ਮੈਨੂੰ ਨੱਚਣਾ ਸਿਖਾਉਂਦੀ ਹੈ

ਮੈਂ ਕਵਿਤਾ ਨਹੀਂ ਲਿਖਦੀ
ਕਵਿਤਾ ਮੈਨੂੰ ਲਿਖਦੀ ਹੈ

ਕਵਿਤਾ ਮੈਨੂੰ ਸੁਆਸ ਬਖ਼ਸ਼ਦੀ ਹੈ
ਆਸ ਦੀ ਕੰਨੀ ਫੜਾਉਂਦੀ ਹੈ
ਕਵਿਤਾ ਮੈਨੂੰ ਧਰਵਾਸ ਦਿੰਦੀ ਹੈ
ਅਹਿਸਾਸ ਤੋਂ ਜਾਣੂ ਕਰਵਾਉਂਦੀ ਹੈ
ਕਵਿਤਾ ਮੈਨੂੰ ਘੂਰਦੀ ਵੀ ਹੈ
ਕਵਿਤਾ ਮੈਨੂੰ ਸ਼ਾਬਾਸ਼ ਦਿੰਦੀ ਹੈ

ਮੈਂ ਕਵਿਤਾ ਨਹੀਂ ਲਿਖਦੀ
ਕਵਿਤਾ ਮੈਨੂੰ ਲਿਖਦੀ ਹੈ

ਕਵਿਤਾ ਮੇਰੀ ਉਂਗਲ ਫੜ ਕੇ
ਠਹਿਰੇ ਪਾਣੀਆਂ ਦੀ ਤਲੀ 'ਤੇ
ਘੋਰ-ਕੰਡੇ ਪਾਉਂਦੀ ਹੈ
ਮਨ ਦੀ ਕੱਕੀ ਰੇਤ ਉੱਪਰ
ਸੂਹੇ ਅੱਖਰ ਵਾਹੁੰਦੀ ਹੈ
ਕਦੇ ਵਕਤ ਦੀ ਜਿਲਦ 'ਤੇ
ਮੇਰਾ ਨਾਂ ਲਿਖ ਦਿੰਦੀ ਹੈ

ਕਵਿਤਾ ਸਿਰਫ਼
ਮੈਨੂੰ ਹੀ ਨਹੀਂ ਲਿਖਦੀ
ਆਪਣੇ ਆਪ ਨੂੰ ਵੀ ਲਿਖਦੀ ਹੈ
ਕਵਿਤਾ ਤੁਹਾਨੂੰ ਵੀ ਲਿਖਦੀ ਹੈ
ਕਵਿਤਾ ਉਹਨਾਂ ਨੂੰ ਵੀ ਲਿਖਦੀ ਹੈ
ਜੋ ਸ਼ਬਦਾਂ ਦੀ ਸੰਦਲੀ ਦਸਤਕ ਤੋਂ
ਮੁਨਕਰ ਹੋਏ ਬੈਠੇ ਨੇ
ਜੋ ਕਵਿਤਾ ਦੀ ਆਮਦ ਨੂੰ
'ਜੀ ਆਇਆਂ' ਨਹੀਂ ਆਖਦੇ

ਕਦੇ ਕਦੇ ਜਦ ਮੈਂ ਉਦਾਸ ਹੋ ਜਾਂਦੀ ਹਾਂ
ਕਵਿਤਾ ਮੈਨੂੰ ਹਸਾ ਲੈਂਦੀ ਹੈ
ਜਦ ਮੈਂ ਰੁੱਸ ਜਾਂਦੀ ਹਾਂ
ਕਵਿਤਾ ਮੈਨੂੰ ਮਨਾ ਲੈਂਦੀ ਹੈ

•

## ਭੁਲਾਵੇਂ ਅੱਖਰ

ਭਟਕਣ ਦੇ ਭੁਲਾਵੇਂ ਅੱਖਰ ਤਾਂ
ਮੁੱਦਤਾਂ ਤੋਂ ਉੱਕਰੇ ਪਏ ਨੇ
ਪੈਰਾਂ ਹੇਠ ਵਿਛੀ ਰੇਤ ਉੱਪਰ

ਪਰ ਤੈਨੂੰ ਪੜ੍ਹਨ ਲਈ
ਉਮਰ ਦਾ ਇਕ ਹੋਰ ਕਾਇਦਾ ਕਿਥੋਂ ਲਿਆਵਾਂ
ਤੈਨੂੰ ਲੱਭਣ ਲਈ
ਜ਼ਿੰਦਗੀ ਦੇ ਕਿਹੜੇ ਥਲਾਂ ਨੂੰ ਹਾਕਾਂ ਮਾਰਾਂ

ਕਿਥੋਂ ਤਲਾਸ਼ ਕਰਾਂ ਉਹ ਪਲ
ਚੱਪਾ ਕੁ ਖ਼ੁਸ਼ੀ ਹੈ ਜਿਨ੍ਹਾਂ ਕੋਲ
ਕਿਥੋਂ ਭਾਲਾਂ
ਰੁਮਕਦੇ ਬੋਲਾਂ ਜਿਹੇ
ਫੁਰਸਤ ਦੇ ਮਹਿਕੇ ਹੋਏ ਪਲ

ਮੈਂ ਜਾਣਦੀ ਹਾਂ
ਸੂਖ਼ਮ ਜਿਹੇ ਮੂਕ ਅਨੁਭਵ
ਲੰਮੀਆਂ ਹੇਕਾਂ ਦੇ ਮੁਥਾਜ ਨਹੀਂ ਹੁੰਦੇ
ਅਹਿਸਾਸ ਦੇ ਰਿਸ਼ਤੇ
ਰਸਮੀ ਸੁੱਖ-ਸੁਨੇਹਿਆਂ ਦੀ
ਉਡੀਕ ਨਹੀਂ ਕਰਦੇ

ਮੈਂ ਮੰਨਦੀ ਹਾਂ
ਜ਼ਿੰਦਗੀ ਇਕ ਅਜਿਹੀ ਡਾਇਰੀ ਹੈ
ਜਿਸ ਦੇ ਪੰਨਿਆਂ 'ਤੇ
ਜਿੰਨੀਆਂ ਕੁ ਨਜ਼ਮਾਂ ਲਿਖਣੀਆਂ ਹੁੰਦੀਆਂ
ਉਨ੍ਹਾਂ ਤੋਂ ਕਿਤੇ ਵੱਧ
ਲਿਖ-ਲਿਖ ਪਾੜਨੀਆਂ ਵੀ ਹੁੰਦੀਆਂ

ਮੈਂ ਸਵੀਕਾਰਦੀ ਹਾਂ
ਕਿ ਮੇਰੀ ਡਾਇਰੀ ਦਾ ਵੀ
ਇਕ ਸੁਨਹਿਰੀ ਪੰਨਾ ਸੀ
ਉਸ ਉੱਪਰ ਗੂੜ੍ਹੀ ਸਿਆਹੀ ਨਾਲ਼ ਕੀਤਾ
ਇਕ ਹਸਤਾਖ਼ਰ ਸੀ
ਜਿਸ ਉੱਪਰ ਕਲਮ ਫੇਰਦਿਆਂ
ਮੇਰੀ ਨਜ਼ਮ ਸੁਜਾਖੀ ਹੋਈ

ਚਲੋ !
ਭਟਕਣ ਦੇ ਭੁਲਾਵੇਂ ਅੱਖਰ ਤਾਂ
ਉੱਕਰੇ ਹੀ ਰਹਿਣੇ ਨੇ
ਪੈਰਾਂ ਹੇਠ ਵਿਛੀ ਕੱਕੀ ਰੇਤ ਉੱਪਰ

ਪਰ ਤੈਨੂੰ ਜਾਣਨ ਲਈ
ਪਹਿਚਾਨਣ ਲਈ
ਉਮਰ ਦਾ ਇਕ ਹੋਰ ਕਾਇਦਾ ਕਿਥੋਂ ਲਿਆਵਾਂ...

•

## ਮੁਹੱਬਤ ਦੀ ਪੁਸਤਕ

ਇਸ ਤੋਂ ਪਹਿਲਾਂ
ਕਿ ਮੇਰੀਆਂ ਭਾਵਨਾਵਾਂ, ਸੰਭਾਵਨਾਵਾਂ
ਮਰ ਮੁੱਕ ਜਾਣ

ਇਸ ਤੋਂ ਪਹਿਲਾਂ
ਕਿ ਇਸ ਖ਼ੂਬਸੂਰਤ ਕਿਤਾਬ ਦੇ
ਸਾਰੇ ਹਰਫ਼ ਉਦਾਸ ਹੋ ਜਾਣ

ਇਸ ਤੋਂ ਪਹਿਲਾਂ
ਕਿ ਇਸ ਸੰਵੇਦਨਸ਼ੀਲ ਪੁਸਤਕ ਦੀ
ਜਿਲਦ ਉੱਪਰ
ਨਿਰਮੋਹੇ ਵਕਤ ਦੀ ਧੂੜ ਜੰਮ ਜਾਵੇ

ਤੂੰ ਇਸ ਪੁਸਤਕ ਨੂੰ
ਪਹਿਲੇ ਪੰਨੇ ਤੋਂ ਆਖ਼ਰੀ ਪੰਨੇ ਤੱਕ
ਰੂਹ ਲਾ ਕੇ ਪੜ੍ਹ

ਬੰਦ ਅਲਮਾਰੀਆਂ 'ਚ ਪਈਆਂ ਤਾਂ
ਸੱਜਰੀਆਂ ਕਿਤਾਬਾਂ ਵੀ
ਬੇਹੀਆਂ ਹੋ ਜਾਂਦੀਆਂ ਨੇ ਨਵ-ਰੂਪ ਪੁਸਤਕਾਂ
ਧੂੜ ਨਾਲ਼ ਅੱਟੀਆਂ ਜਾਂਦੀਆਂ ਨੇ
ਨਜ਼ਮਾਂ ਦੇ ਬੋਲ ਚੁੱਪ ਹੋ ਜਾਂਦੇ ਨੇ
ਜਿਲਦਾਂ 'ਚ ਕੈਦ ਹਰਫ਼ਾਂ ਦੇ
ਅਰਥ ਬਦਲ ਜਾਂਦੇ ਨੇ
ਸ਼ਬਦਾਂ ਦੇ ਚਮਕ-ਦਮਕ
ਫਿੱਕੀ ਪੈ ਜਾਂਦੀ ਹੈ
ਪੰਨੇ ਉੱਖੜ-ਉੱਖੜ ਕੇ
ਵਕਤ ਦੀਆਂ ਹਨੇਰੀਆਂ 'ਚ
ਉੱਡ-ਪੁੱਡ ਜਾਂਦੇ ਨੇ

ਇਸ ਤੋਂ ਪਹਿਲਾਂ
ਕਿ ਇਸ ਪੁਸਤਕ ਦੇ ਪੰਨਿਆਂ ਤੋਂ
ਮਿਟ ਜਾਣ ਸਾਰੇ ਦੇ ਸਾਰੇ ਅੱਖਰ
ਤੂੰ ਇਸ ਪੁਸਤਕ ਨੂੰ
ਗਰੂਰ ਦੀ ਐਨਕ ਉਤਾਰ ਕੇ
ਅੱਖਰ-ਅੱਖਰ ਪੜ੍ਹ

ਸਵੇਰ ਆਉਂਦੀ ਹੈ
ਤਾਂ ਅਖ਼ਬਾਰ ਬੂਹੇ 'ਤੇ
ਕਿੰਨੀਆਂ ਹੀ ਕਿਤਾਬਾਂ ਦੇ
ਮਰ ਮੁੱਕ ਜਾਣ ਦੀ ਖ਼ਬਰ ਲਿਆਉਂਦੀ ਹੈ

ਕਿਸੇ ਪੁਸਤਕ ਦੇ ਪੰਨਿਆਂ ਨੂੰ
ਸ਼ੂਕਦੀ ਨਦੀ ਰੋੜ੍ਹ ਕੇ ਲੈ ਜਾਂਦੀ ਹੈ
ਕਿਸੇ ਪੂਰੀ ਦੀ ਪੂਰੀ ਕਿਤਾਬ ਨੂੰ
ਅੰਬਰ ਖਾ ਜਾਂਦਾ ਹੈ
ਕਿੰਨੀਆਂ ਹੀ ਕਿਤਾਬਾਂ
ਕੰਧਾਂ 'ਚ ਟੱਕਰਾਂ ਮਾਰ
ਵਰਕਾ-ਵਰਕਾ ਹੋ ਜਾਂਦੀਆਂ ਨੇ

ਕਈ ਕਿਤਾਬਾਂ
ਵਕਤ ਦੇ ਪਹੀਏ ਹੇਠ
ਮਿੱਧੀਆਂ ਜਾਂਦੀਆਂ ਹਨ
ਕਈ ਬਾਲ ਪੁਸਤਕਾਂ
ਦਰਿੰਦਗੀ ਅਤੇ ਵਹਿਸ਼ਤ ਦੇ ਹੱਥੋਂ
ਲਹੂ-ਲੁਹਾਣ ਹੋ ਦਮ ਤੋੜ ਜਾਂਦੀਆਂ ਨੇ

ਪਲ-ਪਲ...ਮਰਦੀਆਂ ਪੁਸਤਕਾਂ
ਪਲ-ਪਲ...ਸੜਦੀਆਂ ਪੁਸਤਕਾਂ
ਪਲ-ਪਲ...ਡੁਬਦੀਆਂ ਪੁਸਤਕਾਂ
ਪਲ-ਪਲ...ਮੁੱਕਦੀਆਂ ਪੁਸਤਕਾਂ

ਇਸ ਤੋਂ ਪਹਿਲਾਂ
ਕਿ ਮੈਂ ਵੀ ਕਿਸੇ ਅਖ਼ਬਾਰ ਦੀ
ਸੁਰਖੀ ਬਣ ਜਾਵਾਂ
ਆਦਿਕਾ ਤੋਂ ਅੰਤਿਕਾ ਤੱਕ
ਹਰਫ਼-ਹਰਫ਼ ਪੜ੍ਹ
ਰੇਸ਼ਮੀ ਰੁਮਾਲ 'ਚ ਲਪੇਟ
ਆਪਣੇ ਸਿਰਹਾਣੇ ਹੇਠ ਰੱਖ

ਮੈਂ ਸੁਫ਼ਨੇ ਵਿਚ ਵੀ
ਤੈਨੂੰ ਬਿਹਤਰੀਨ ਨਜ਼ਮਾਂ ਸੁਣਾਵਾਂਗੀ।

•

## ਜਾਗਦੀ ਹਾਂ ਮੈਂ

ਜਾਗਦੀ ਹਾਂ ਮੈਂ
ਸੁੱਤੀ ਨਹੀਂ ਇਕ ਪਲ
ਤੇਰੀ ਨੀਂਦ
ਮੈਨੂੰ ਸੌਣ ਨਹੀਂ ਦਿੰਦੀ

ਤੇਰੇ ਜਾਗਣ ਤੋਂ ਪਹਿਲਾਂ
ਮੈਂ ਰਸੋਈ ਵਿਚ ਸੀ
ਚਾਹ ਬਣਾਉਂਦੀ...ਆਟਾ ਗੁੰਨ੍ਹਦੀ
ਪਿਆਜ ਚੀਰਦੀ
ਪਤੀਲੀ 'ਚ ਕੜਛੀ ਫੇਰਦੀ

ਬੱਚਿਆਂ ਨੂੰ ਜਗਾਉਂਦੀ
ਨਵ੍ਹਾਉਂਦੀ ਧੁਆਉਂਦੀ
ਟਿਫ਼ਨ ਤਿਆਰ ਕਰਦੀ
ਸਕੂਲ ਨੂੰ ਤੋਰਦੀ
ਆਪਣੇ ਲਈ ਵੀ
ਫ਼ੁਰਸਤ ਦੇ ਟੋਟੇ ਜੋੜਦੀ
ਸੁੱਤੀ ਨਹੀਂ ਹਾਂ ਮੈਂ
ਘਰ ਦੇ ਫ਼ਿਕਰਾਂ 'ਚ ਲਗਾਤਾਰ ਜਾਗਦੀ

ਕਾਹਲੀ-ਕਾਹਲੀ ਤਿਆਰ ਹੋ ਕੇ
ਕਾਲਜ ਪਹੁੰਚਦੀ
ਨਜ਼ਮਾਂ ਵਰਗੇ ਬੱਚਿਆਂ ਨੂੰ ਮਿਲਦੀ
ਕਵਿਤਾ ਹੋ ਜਾਂਦੀ
ਹਰਫ਼-ਹਰਫ਼, ਸ਼ਬਦ-ਸ਼ਬਦ ਤੁਰਦੀ
ਦਿਵਸ-ਰਾਤ, ਮਹੀਨੇ-ਸਾਲ
ਉਮਰ ਭਰ ਜਾਗਦੀ ਰਹਿੰਦੀ

ਪੜ੍ਹਦਿਆਂ ਪੜ੍ਹਾਉਂਦਿਆਂ
ਸੁਣਦਿਆਂ ਸੁਣਾਉਂਦਿਆਂ
ਸਹਿਯੋਗੀਆਂ ਨਾਲ਼ ਤੁਰਦਿਆਂ
ਸੜਕਾਂ ਚੌਰਾਹੇ ਪਾਰ ਕਰਦਿਆਂ
ਘਰ ਦਾ ਬੂਹਾ ਖੜਕਾਉਂਦਿਆਂ
ਦੀਵਿਆਂ ਨੂੰ ਸੁਆ ਕੇ ਵੀ
ਖ਼ੁਦ ਜਾਗਦੀ ਰਹਿੰਦੀ

ਧੁੱਪ 'ਚ ਮਹਿਕਦੀ
ਦੁਪਹਿਰ-ਖਿੜੀ
ਚੁੱਪ 'ਚ ਚਹਿਕਦੀ
ਸੋਨ ਚਿੜੀ

ਮੇਰੇ ਮੱਥੇ ਵਿਚਲਾ ਚਿਰਾਗ਼
ਬਲ਼ਦਾ ਰਹਿੰਦਾ ਹੈ ਨਿਰੰਤਰ
ਮੇਰੀ ਅੱਖ ਵਿਚਲਾ ਸੁਫ਼ਨਾ
ਜਾਗਦਾ ਰਹਿੰਦਾ ਹੈ ਲਗਾਤਾਰ
ਲੜਦੀ ਰਹਿੰਦੀ ਹਨੇਰਿਆਂ ਖ਼ਿਲਾਫ਼
ਜ਼ਿੰਮੇਵਾਰੀਆਂ ਨਿਭਾਉਂਦਿਆਂ
ਮੇਰੀ ਨੀਂਦ
ਪਤਾ ਨੀ ਕਿੱਧਰ
ਖੰਭ ਲਾ ਕੇ ਉੱਡ ਜਾਂਦੀ

ਉੱਠ ਬੇਖ਼ਬਰਿਆ !
ਜਾਗ ਨਿਰਮੋਹਿਆ !

ਤੂੰ ਵੀ ਅੱਖਾਂ ਖੋਲ੍ਹ
ਸੂਰਜ ਦੀ ਪਹਿਲੀ ਕਿਰਨ
ਕਦੋਂ ਦੀ ਖੜ੍ਹੀ ਤੇਰੇ ਸਿਰਹਾਣੇ ਕੋਲ਼

ਸੁੱਤੀ ਨਹੀਂ ਹਾਂ ਮੈਂ
ਤੇਰੀ ਨੀਂਦ...ਮੈਨੂੰ ਸੌਣ ਨਹੀਂ ਦਿੰਦੀ।

•

# ਸਿਉਂਕ ਅਤੇ ਰੇਸ਼ਮ ਦਾ ਕੀੜਾ

ਘਰ ਨੂੰ ਪਤਾ ਵੀ ਨਹੀਂ
ਕਿ ਸਿਉਂਕ ਖਾ ਰਹੀ ਹੈ ਉਸ ਨੂੰ
ਧੁਰ ਅੰਦਰੋਂ

ਚੁਗਾਠਾਂ ਵਿਚ
ਜਾਨ ਨਹੀਂ ਰਹੀ ਜਾਣ
ਸਾਰਾ ਕੁੱਝ ਘੁਣ ਖਾਧਾ, ਖੋਖਲਾ
ਕਦੇ ਵੀ ਢਹਿ-ਢੇਰੀ ਹੋ ਸਕਦਾ

ਅਜੀਬ ਹਾਲਤ ਹੈ
ਇਸ ਘਰ ਦੀ
ਤਬਾਹ ਹੋ ਕੇ ਵੀ ਬੇਖ਼ਬਰ ਹੈ

ਇਕ ਮੈਂ ਹਾਂ
ਸਿਉਂਕ ਖਾਧੇ ਇਸ ਘਰ ਅੰਦਰ
ਰੇਸ਼ਮ ਦੇ ਕੀੜੇ ਦੀ ਜੂਨ ਹੰਢਾਉਂਦੀ
ਰੇਸ਼ਮੀ ਤੰਦਾਂ
ਦਿਨ ਰਾਤ ਕੱਤਦੀ
ਆਪਣੇ ਹੀ ਬੁਣੇ ਜਾਲ 'ਚ ਉਲਝੀ
ਖੱਲਾਂ-ਖੂੰਜਿਆਂ 'ਚ ਘਿਰੀ ਰਹਿੰਦੀ

ਪਰ ਫ਼ਨਾਹ ਹੋ ਕੇ ਵੀ
ਮੈਂ ਰੇਸ਼ਮ ਪੈਦਾ ਕਰਦੀ
ਕਰਮ ਨੂੰ ਧਰਮ ਵਾਂਗ ਪਾਲਦੀ

ਚਲੋ ਏਨਾ ਹੀ ਬਹੁਤ
ਘੁਣ ਖਾਧੇ ਇਸ ਘਰ ਅੰਦਰ
ਸਿਉਂਕ ਨਹੀਂ...ਰੇਸ਼ਮ ਦਾ ਕੀੜਾ ਹਾਂ ਮੈਂ।

•

## ਪਰਵਾਸ

ਕਿਉਂ ਨਾ ਅੱਜ ਮੈਂ
ਤਿੜਕੇ ਹੋਏ ਅਹਿਸਾਸ ਨੂੰ
ਮੋਹ ਦੀਆਂ ਤੰਦਾਂ ਨਾਲ਼ ਗੰਢ ਕੇ
ਸੁਰਖ ਸਵੇਰ ਦਾ ਸੁਫ਼ਨਾ
ਪਲਕਾਂ 'ਚ ਸਾਂਭ ਕੇ
ਭੁੱਲੀਆਂ ਵਿਸਰੀਆਂ ਯਾਦਾਂ ਨੂੰ
ਕੁੱਝ ਪਲਾਂ ਲਈ ਸੱਜਰੀਆਂ ਕਰ ਲਵਾਂ

ਕਿਉਂ ਨਾ ਅੱਜ ਮੈਂ
ਪੋਹ ਦੀ ਚਾਨਣੀ ਨੂੰ ਕਹਿ ਦੇਵਾਂ
ਕਿ ਹੁਣ ਮੈਂ
ਆਪਣੇ ਧੁਰ ਅੰਦਰ ਉੱਗੇ
ਸਭ ਥੋਹਰ ਪੁੱਟ ਸੁੱਟੇ ਨੇ
ਹੁਣ ਉਹ
ਮੇਰੇ ਮਨ ਦੇ ਮਖਮਲੀ ਘਾਹ ਉੱਤੇ
ਤਰੇਲ ਬਣ ਕੇ ਬਹਿ ਜਾਵੇ

ਅੱਜ ਮੈਂ
ਕੋਸੇ-ਕੋਸੇ ਸਾਹਾਂ ਨਾਲ਼ ਗੱਲ ਕਰ ਹੀ ਲਵਾਂ
ਦੋਧੇ ਦਾਨਿਆਂ ਦੀ ਤੋਤਲੀ ਆਵਾਜ਼ ਦੀ
ਲਿਫ਼-ਲਿਫ਼ ਕਰਦੇ
ਬਾਜਰੇ ਦੇ ਛਿੱਟਿਆਂ ਦੀ,
ਗੋਰੀਆਂ-ਗੋਰੀਆਂ ਕਪਾਹ ਦੀਆਂ ਫੁੱਟੀਆਂ ਦੀ
ਕਮਾਦ ਦੇ ਖੇਤਾਂ ਵਿਚ ਰੁਮਕਦੀ ਹਵਾ ਦੀ

ਕਿਉਂ ਨਾ ਅੱਜ ਮੈਂ ਕੁੱਝ ਪਲਾਂ ਲਈ
ਸਾਰੀ ਦੀ ਸਾਰੀ
ਵਗਦੇ ਪਾਣੀਆਂ 'ਚ ਘੁਲ਼ ਕੇ
ਬੰਜਰ ਮਨਾਂ ਦੀ ਹਿੱਕ 'ਤੇ ਫੈਲ ਜਾਵਾਂ

ਚਾਨਣ ਦੀ ਬੁੱਕਲ਼ ਵਿਚ ਬਹਿ ਕੇ
ਸਾਰੀ ਰਾਤ
ਤਾਰਿਆਂ ਨਾਲ਼ ਗੱਲਾਂ ਕਰਾਂ

ਕਿਉਂ ਨਾ ਅੱਜ ਮੈਂ...

•

## ਬਗ਼ੀਚੀ ਵਿਚ

ਬਗ਼ੀਚੀ ਵਿਚ
ਫੁੱਲ-ਬੂਟਿਆਂ ਨੂੰ ਸੰਵਾਰਦਿਆਂ
ਕਾਦਰ ਨਾਲ਼ ਗੱਲਾਂ ਕਰਦੀ ਹਾਂ
ਕੁਦਰਤ ਦਾ ਖ਼ਤ ਪੜ੍ਹਦੀ ਹਾਂ

ਵੱਡੇ ਪੌਦਿਆਂ ਨੂੰ
ਨਿੱਕੀਆਂ ਤਾਰਾਂ ਨਾਲ਼ ਬੰਨ੍ਹਦੀ ਹਾਂ
ਤਾਂ ਜੋ ਸਿੱਧੇ ਖੜ੍ਹੇ ਰਹਿਣ
ਕਿਤੇ ਆਪਣੇ ਬੋਝ ਨਾਲ਼
ਝੁੱਕ ਹੀ ਨਾ ਜਾਣ

ਮੇਰੀ ਕੋਮਲ ਛੋਹ ਦਾ
ਇਹ ਨਿੱਕਾ ਜਿਹਾ ਬੰਧਨ
ਉਹਨਾਂ ਨੂੰ ਸਹਾਰਾ ਦਿੰਦਾ ਹੈ
ਉਹਨਾਂ ਬੂਟਿਆਂ ਨੂੰ ਵੱਡਾ ਕਰਦਾ ਹੈ

ਬਗ਼ੀਚੀ 'ਚ ਟਹਿਲਦੀਆਂ
ਪਤਾ ਨਹੀਂ
ਕਿਵੇਂ ਯਾਦ ਆ ਜਾਂਦਾ ਹੈਂ ਤੂੰ
ਗੇਂਦੇ ਦੀ ਸੱਜਰੀ ਮਹਿਕ ਵਾਂਗ

ਉਦੋਂ ਮੈਂ ਬਗ਼ੀਚੀ ਵਿਚ
ਇਕੱਲੀ ਨਹੀਂ ਹੁੰਦੀ
ਟਹਿਲ ਰਿਹਾ ਹੁੰਨਾਂ ਏਂ
ਤੂੰ ਵੀ ਮੇਰੇ ਨਾਲ਼-ਨਾਲ਼

ਫਿਰ ਮੈਂ ਪੰਛੀਆਂ ਸੰਗ ਉੱਡਦੀ
ਫੁੱਲਾਂ ਵਾਂਗ ਮਹਿਕਦੀ
ਤੇਰੇ ਨਾਲ਼-ਨਾਲ਼ ਹੋਣ ਦੇ
ਅਹਿਸਾਸ ਨਾਲ਼ ਭਰ ਜਾਂਦੀ ਹਾਂ

ਮਿੱਸੇ-ਮਿੱਸੇ ਹਨੇਰੇ ਵਿਚ
ਜਗਣ ਲੱਗ ਪੈਂਦੇ ਨੇ
ਮਿਲਾਪ ਦੇ ਕਿੰਨੇ ਹੀ ਦੀਪ
ਵਸਲ ਦੇ ਨਿੱਕੇ-ਨਿੱਕੇ ਜੁਗਨੂੰ

ਰੂਹ ਤਕ ਸਰਸ਼ਾਰ ਹੋ ਜਾਂਦੀ ਹਾਂ ਮੈਂ
ਵਗਦੀ ਪੈਣ ਹੱਥ ਭੇਜਿਆ
ਮਹਿਕ ਦਾ ਰੁੱਕਾ ਪੜ੍ਹ ਕੇ

ਸ਼ਾਇਦ
ਇਸੇ ਅਹਿਸਾਸ ਨਾਲ਼
ਤੂੰ ਵੀ ਮਹਿਕ ਰਿਹਾ ਹੋਵੇਂਗਾ
ਕਿਤੇ ਦੂਰ...
ਅੱਖੀਆਂ ਤੋਂ ਓਹਲੇ-ਓਹਲੇ

ਸ਼ਾਇਦ
ਇਸੇ ਧਰਵਾਸ ਨਾਲ਼
ਜੀ ਰਹੀ ਹਾਂ ਮੈਂ ਵੀ
ਬਿਜਲੀ ਦੀ ਲਿਸ਼ਕ ਬਣ ਕੇ
ਬੱਦਲਾਂ ਦੇ ਓਹਲੇ-ਓਹਲੇ।

•

## ਬੜੀ ਵਾਰ ਸੋਚਦੀ ਹਾਂ

ਰਿਸ਼ਤੇ ਵੀ ਕੀ ਸ਼ੈਅ ਨੇ
ਫੁੱਲਾਂ ਦਾ ਰੁੱਤਾਂ ਨਾਲ਼ ਕੀਤਾ
ਅਣਲਿਖਿਆ ਇਕਰਾਰਨਾਮਾ

ਮਹਿਕਦੇ ਮਹਿਕਦੇ...ਮੁੱਕਣਾ
ਸਹਿਕਦੇ ਸਹਿਕਦੇ...ਸੁੱਕ ਜਾਣਾ
ਟਹਿਕਦੇ ਟਹਿਕਦੇ...ਟੁੱਟਣਾ
ਚਹਿਕਦੇ ਚਹਿਕਦੇ...ਚੁੱਪ ਹੋ ਜਾਣਾ

ਲਿਫ਼ ਲਿਫ਼ ਕਰ ਦੀਏ ਲਗਰੇ!
ਰਿਸ਼ਤਗੀ ਦੇ
ਕਿਹੜੇ ਵਰਗ 'ਚ ਸ਼ਾਮਿਲ ਹੈਂ ਤੂੰ... ?

ਮੌਸਮ ਤਾਂ ਬਦਲਦੇ ਹੀ ਰਹਿਣੇ ਨੇ
ਪਤਝੜ ਨੇ
ਝਾੜ ਹੀ ਦੇਣਾ ਹੈ ਸਭ ਪੱਤਿਆਂ ਨੂੰ
ਫੇਰ ਫੁਟਾਰਾ ਪਏਗਾ
ਪੱਤੇ ਕੱਜ ਲੈਣਗੇ ਲਗਰੀਆਂ ਟਹਿਣੀਆਂ ਨੂੰ
ਮਾਂ ਨੂੰ ਗਲਵੱਕੜੀ ਪਾਉਂਦੇ ਬੱਚਿਆਂ ਵਾਂਗ
ਧਰਤੀ ਦੀ ਕੁੱਖ
ਫਿਰ ਸੁਲੱਖਣੀ ਹੋ ਜਾਏਗੀ
ਵੇਲ-ਬੂਟੇ ਫੇਰ ਨਿਭਾਉਣਗੇ ਆਪੋ-ਆਪਣਾ ਧਰਮ

ਪਰ ਕੀ ਕਰੇ ਕੋਈ
ਮਾਰੂਥਲ 'ਚ ਉੱਗੀਆਂ
ਕੰਡਿਆਲੀਆਂ ਝਾੜੀਆਂ ਦਾ

ਮੇਰੇ
ਖ਼ੁਸ਼ਮਿਜਾਜ਼ ਦੋਸਤੀ ਦੇ ਬਗ਼ੀਚਿਆ!
ਤੂੰ ਮਹਿਕਦਾ ਰਹੀਂ ਸਦੀਵ ਕਾਲ
ਤੇਰੇ ਰੰਗਾਂ ਬਗ਼ੈਰ ਇਹ ਜ਼ਿੰਦਗੀ
ਭੋਰਾ ਵੀ ਚੰਗੀ ਨਹੀਂ ਲੱਗਦੀ

ਖਿੜਿਆ ਰਹੀਂ ਗੁਲਾਬ ਵਰਗਿਆ!
ਤੇਰੀ ਸੰਦਲੀ ਮਹਿਕ
ਮੈਂ ਆਪਣੇ ਸਾਹਾਂ 'ਚ ਸਾਂਭ ਲਵਾਂਗੀ
ਤੇਰੇ ਸ਼ੋਖ਼ ਰੰਗਾਂ ਨੂੰ
ਮੈਂ ਆਪਣੀਆਂ ਪਲਕਾਂ 'ਚ ਉਤਾਰ ਲਵਾਂਗੀ

ਮਨ ਦੇ ਮੌਸਮਾਂ!
ਤੇਰੇ ਹੋਰ ਵੀ
ਬਹੁਤ ਕੁੱਝ ਤੁਰਦਾ ਹੈ ਮੇਰੇ ਨਾਲ਼-ਨਾਲ਼
ਜੋ ਤੂੰ ਦੇ ਗਿਆ ਸੀ ਮੈਨੂੰ ਬਸੰਤ ਰੁੱਤੇ
ਕੁਦਰਤ ਦੇ ਕ੍ਰਿਸ਼ਮਿਆਂ ਵਰਗਾ

ਫੱਗਣ ਮਹੀਨਿਆਂ!
ਫੇਰ ਕਦੋਂ ਆਵੇਂਗਾ... ???

•

## ਕਦੇ ਕਦੇ

ਕਦੇ ਕਦੇ
ਲੱਗਦਾ ਹੈ
ਕਿ ਖ਼ਾਲੀ-ਖ਼ਾਲੀ ਹੈ
ਮੇਰੇ ਅੰਦਰਲਾ ਸਾਰਾ ਅਸਮਾਨ
ਪੰਛੀ, ਚੰਨ, ਸੂਰਜ, ਬਦਲੋਟੀ
ਨਾ ਕੋਈ ਮਹਿਕੀ ਹਵਾ

ਕਦੇ
ਤੇਜ਼ ਹਵਾਵਾਂ ਦੇ ਆਖੇ ਲੱਗ
ਰੇਤ ਵਾਂਗ ਬਿਖਰ ਜਾਂਦੀ ਹਾਂ
ਕਦੇ
ਵਾਵਰੋਲ਼ਿਆਂ ਸੰਗ ਮਿਲ ਕੇ
ਕਿਸੇ ਵੀਰਾਨ ਥਾਂ ਇਕੱਠੀ ਹੋ ਜਾਂਦੀ ਹਾਂ

ਕਦੇ ਕਦੇ
ਇਹ ਵੀ ਲੱਗਦਾ ਹੈ
ਕਿ ਜੰਗਲ ਦੀ ਪਰਿਕਰਮਾ ਕਰਦਿਆਂ
ਕਿਤੇ ਗੁੰਮ ਤਾਂ ਨਹੀਂ ਗਿਆ ਮੇਰਾ ਰਾਹ!
ਰੇਤ ਉਪਰੋਂ
ਮਿਟ ਤਾਂ ਨਹੀਂ ਗਈ ਮੇਰੀ ਪੈੜ!
ਦੇਹੀ ਦੇ ਸਾਜ਼ ਵਿੱਚੋਂ
ਕਿਤੇ ਮੁੱਕ ਤਾਂ ਨਹੀਂ ਗਿਆ ਸੰਗੀਤ!

ਕਦੇ ਕਦੇ
ਮਹਿਸੂਸ ਹੁੰਦਾ ਹੈ ਇਹ ਵੀ
ਕਿ ਬਰਫ਼ੀਲੇ ਤੂਫ਼ਾਨਾਂ ਵਿਚ
ਭਿੱਜ ਗਏ ਨੇ ਮੇਰੇ ਖੰਭ
ਅੰਬਰ ਲੱਗੇ
ਥੱਕ ਗਈ ਹੈ ਮੇਰੀ ਪਰਵਾਜ਼

ਕਿਧਰੇ ਸ਼ੋਰ ਵਿਚ ਹੀ
ਗੁੰਮ ਗੁਆਚ ਗਈ ਹੈ ਸੁਰੀਲੀ ਆਵਾਜ਼
ਜੁਆਬ ਦੀ ਤਲਬ ਵਿਚ
ਦਮ ਤੋੜ ਗਿਆ ਹੈ...ਮੇਰਾ ਨੰਨ੍ਹਾ ਜਿਹਾ ਸੁਆਲ

ਕਦੇ ਕਦੇ
ਮਹਿਸੂਸ ਹੁੰਦਾ ਹੈ ਇਹ ਵੀ...।

•

## ਖਿਡੌਣੇ

ਗੁੱਡੀਆਂ ਗੀਟਿਆਂ ਪਟੋਲਿਆਂ ਜਿਹਾ
ਅੱਥਰੇ ਚਾਵਾਂ ਜਿਹਾ
ਗੁੰਮ ਗੁਆਚ ਗਿਆ ਹੈ ਮੇਰਾ ਬਹੁਤਾ ਕੁੱਝ

ਤੇਜ਼ ਰਫ਼ਤਾਰ ਜੀਵਨ ਦੀ ਗੱਡੀ ਉੱਪਰ
ਸਵਾਰ ਹੈ ਇਹ ਨਿੱਕੀ ਜਿਹੀ ਜਿੰਦ
ਰੁੜ੍ਹੀ ਜਾ ਹੀ ਹੈ ਬਸ
ਬੇਗ਼ਾਨੇ ਪਹੀਆਂ 'ਤੇ ਮਾਣ ਕਰਕੇ

ਓਪਰੇ ਸ਼ਹਿਰ
ਜਾਣ ਦੀ ਕਾਹਲ ਵਿਚ ਹੀ
ਆਪਣਾ ਦੇਸ਼ ਬਹੁਤ ਪਿੱਛੇ ਰਹਿ ਗਿਆ

ਬਚਪਨ ਦੇ ਖਿਡੌਣੇ ਲੱਭਦੀ-ਲੱਭਦੀ
ਖ਼ੁਦ ਗੁਆਚ ਗਈ ਝਮੇਲਿਆਂ ਵਿਚ
ਪੁਰਾਣੇ ਕਲੰਡਰ ਫਰੋਲਦੀ
ਭੁੱਲ ਗਈ ਹਾਂ ਵਰਤਮਾਨ ਪਲਾਂ ਨੂੰ

ਬੱਚਿਆਂ ਵਿੱਚੋਂ ਲੱਭਦੀ ਹਾਂ
ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਦੇ ਸਿਰਨਾਵੇਂ
ਬੇਗ਼ਾਨਿਆਂ 'ਚੋਂ ਤਲਾਸ਼ਦੀ ਹਾਂ ਅੱਜ-ਕੱਲ੍ਹ
ਅਪਣੱਤ ਜਿਹਾ ਨਿੱਘਾ-ਨਿੱਘਾ ਕੁੱਝ
ਤੇ ਜੋੜਨ ਲੱਗ ਪੈਂਦੀ ਹਾਂ
ਟੁੱਟੇ ਕੱਚ ਦੀਆਂ ਵੰਗਾਂ ਜਿਹੇ ਸੁਫ਼ਨੇ

ਹੁਣ ਤਾਂ ਲਾਕਰਾਂ ਜਿਹੇ
ਸਥੂਲ ਰਿਸ਼ਤਿਆਂ ਦੇ ਜਿੰਦਰੇ
ਬੰਦ ਹੀ ਰਹਿੰਦੇ ਨੇ ਅਕਸਰ

ਤਰਸ ਜਾਂਦੀ ਹਾਂ ਮੈਂ
ਕੋਮਲ ਵਸਤਰਾਂ ਵਿਚ ਲਿਪਟ ਕੇ ਵੀ
ਮੋਹ ਦੀ ਭਾਸ਼ਾ 'ਚ ਉੱਕਰੇ ਰੇਸ਼ਮੀ ਬੋਲਾਂ ਨੂੰ

ਚੁੱਪ ਦੇ ਪਹਾੜਾਂ 'ਤੇ
ਬਾਰਾਂ ਮਹੀਨੇ ਤੀਹ ਦਿਨ
ਜੰਮੀਂ ਰਹਿੰਦੀ ਹੈ ਦੁੱਧ ਚਿੱਟੀ ਬਰਫ਼
ਕਿਉਂ ਨਹੀਂ ਪਿਘਲਦੀਆਂ
ਇਹ ਯੱਖ ਪਹਾੜਾਂ ਦੀਆਂ ਟੀਸੀਆਂ

ਗੁੰਮ-ਗੁਆਚ ਗਏ
ਗੁੱਡੀਆਂ ਪਟੋਲਿਆਂ ਜਿਹੇ ਸੁਫ਼ਨਿਆਂ ਨੂੰ
ਲੱਭਦੀ-ਲੱਭਦੀ ਹਫ਼ ਗਈ ਹਾਂ ਮੈਂ

ਹੁਣ ਵੀ ਕਦੇ-ਕਦੇ
ਅੱਭੜਵਾਹੇ ਉੱਠ ਕੇ ਤੁਰ ਪੈਂਦੀ ਹਾਂ
ਪਿੱਛੇ ਰਹਿ ਗਈ
ਉਹ ਅਲਮਾਰੀ ਫਰੋਲਣ
ਜਿਸ ਦੇ ਜਿੰਦਰੇ ਦੀ ਕੂੰਜੀ ਲੱਭਦਿਆਂ
ਉਮਰ ਗੁਆਚ ਗਈ ਹੈ ਮੇਰੀ...

•

## ਕੰਧਾਂ

ਘਰ ਦੀਆਂ ਚਾਰੇ ਕੰਧਾਂ
ਮੈਨੂੰ ਇਉਂ ਘੂਰਦੀਆਂ
ਜਿਵੇਂ ਇਹਨਾਂ ਦੀ ਤਿੜਕਣ ਅਤੇ ਇਕੱਲਤਾ ਲਈ
ਮੈਂ ਹੀ ਜ਼ਿੰਮੇਦਾਰ ਹੋਵਾਂ

ਮੈਂ
ਇਹਨਾਂ ਕੱਚੀਆਂ ਕੰਧਾਂ ਨੂੰ
ਲਿੱਪਦੀ ਪੋਚਦੀ ਰਹੀ
ਤਸਵੀਰਾਂ ਟੰਗਦੀ ਰਹੀ
ਰਾਂਗਲੇ ਸੁਫ਼ਨੇ ਉੱਕਰਦੀ ਰਹੀ

ਪਰ ਇਹ ਨਿਰਮੋਹੀਆਂ
ਹੁਣ ਪੱਕੀਆਂ ਹੋ ਗਈਆਂ ਨੇ
ਕੰਧਾਂ ਦੇ ਨਿੱਤ ਬਦਲਦੇ ਰੰਗ
ਮੈਨੂੰ ਬੇਚੈਨ ਕਰਦੇ ਨੇ

ਕਿੰਨੇ ਸ਼ੌਕ ਨਾਲ਼
ਮੈਂ ਇਨ੍ਹਾਂ ਕੰਧਾਂ ਨੂੰ
ਗੇਰੂਆਂ ਰੰਗ ਕੀਤਾ ਸੀ
ਪਰ ਵਕਤ ਦੀ ਤੇਜ਼ ਬਾਰਿਸ਼ ਨੇ
ਸਭ ਰੰਗ ਖੋਰ ਦਿੱਤੇ
ਰੰਗਲੇ ਸੁਫ਼ਨੇ ਤੋੜ ਦਿੱਤੇ

ਤੇ ਹੁਣ
ਰੰਗਹੀਣ ਹੋ ਗਈਆਂ ਨੇ ਇਹ ਕੰਧਾਂ
ਕਿੰਨੀਆਂ ਵੀ ਹਾਕਾਂ ਮਾਰਾਂ
ਹੁੰਗਾਰਾ ਨਹੀਂ ਭਰਦੀਆਂ...ਇਹ ਕੰਧਾਂ।

•

## ਤੇਰਾ ਚਿਹਰਾ ਪੜ੍ਹਦਿਆਂ

ਜਦੋਂ ਵੀ ਕਿਸੇ ਸਫ਼ਰ 'ਤੇ ਤੁਰਦੀ ਹਾਂ
ਹਰ ਵਾਰ ਪਹਿਲਾਂ
ਮੈਂ ਤੇਰਾ ਚਿਹਰਾ ਪੜ੍ਹਦੀ ਹਾਂ
ਬੋਲਣ ਤੋਂ ਪਹਿਲਾਂ
ਲਫ਼ਜ਼ਾਂ ਦੀ ਚੋਣ ਕਰਦੀ ਹਾਂ
ਕੁੱਝ ਵੀ ਕਹਿਣ ਤੋਂ ਪਹਿਲਾਂ
ਤੇਰੇ ਰੁੱਸਣ ਤੋਂ ਡਰਦੀ ਹਾਂ

ਪਤਾ ਨਹੀਂ ਹਰ ਵਾਰ
ਮੈਂ ਉਹੀ ਕਿਉਂ ਕਰਦੀ ਹਾਂ
ਜੋ ਮੈਂ ਤੇਰੇ ਚਿਹਰੇ ਤੋਂ ਪੜ੍ਹਦੀ ਹਾਂ

ਮੁੱਕਦੀ-ਮੁੱਕਦੀ
ਮੁੱਕ ਚੱਲੀ ਹੈ ਜ਼ਿੰਦਗੀ
ਰੁੱਕਦੀ-ਰੁੱਕਦੀ
ਰੁੱਕ ਗਈ ਹੈ ਪੈੜ

ਪਰ ਤੁਰਨ ਤੋਂ ਪਹਿਲਾਂ
ਮੈਂ ਅਜੇ ਵੀ ਉਡੀਕ ਕਰਦੀ ਹਾਂ
ਕਿ ਰੁਖ਼ਸਤੀ ਵੇਲ਼ੇ
ਤੇਰਾ ਚਿਹਰਾ ਖਿੜ ਉੱਠੇ
ਅਲਵਿਦਾ ਵੇਲ਼ੇ
ਤੇਰੀ ਛੋਹ ਹੱਥ-ਘੁੱਟਣੀ ਬਣ ਜਾਵੇ
ਤੇਰੀਆਂ ਬਾਹਵਾਂ
ਉਹ ਗਲਵੱਕੜੀ ਬਣ ਜਾਣ
ਜਿਸ ਨੂੰ ਮੈਂ
ਉਮਰ ਭਰ ਤਰਸਦੀ, ਤਾਂਘਦੀ, ਉਡੀਕਦੀ ਰਹੀ

ਬੱਸ, ਹੁਣ ਮੈਂ ਇਹ ਅਭਿਆਸ
ਅਕਸਰ ਦਿਨ ਰਾਤ ਕਰਦੀ ਹਾਂ
ਇਸ ਧੁੰਦਲੇ ਖਲਾਅ ਵਿੱਚੋਂ
ਆਪਣੇ ਹਿੱਸੇ ਦਾ
ਨੀਲਾ ਆਕਾਸ਼ ਲੱਭਦੀ ਹਾਂ

ਵੇ ਨਿਰਮੋਹਿਆ!
ਸੰਵੇਦਨਾ ਤੋਂ ਕੋਰਿਆ!
ਕਦੇ ਤੂੰ ਵੀ ਇੰਜ ਕਰ ਲਿਆ ਕਰ
ਮੇਰੇ ਚਿਹਰੇ ਦੇ ਮੂਕ ਸਫ਼ੇ ਤੋਂ
ਅਣਲਿਖੀ ਇਬਾਰਤ ਪੜ੍ਹ ਲਿਆ ਕਰ।

•

## ਅੱਜ ਦਾ ਫ਼ੈਸਲਾ

ਮੈਂ ਨਹੀਂ ਕਰਾਂਗੀ ਸ਼ਾਮਿਲ
ਅੱਜ ਦੇ ਦਿਨ ਦੀ ਡਾਇਰੀ ਵਿਚ
ਅਜਿਹਾ ਕੋਈ ਵੀ ਛਿਣ
ਜੋ ਕਵਿਤਾ ਦੇ ਸੰਦਲੀ ਬੂਹਿਆਂ 'ਤੇ
ਸੁੱਟ ਜਾਵੇ ਫਟੀਆਂ ਕੰਨੀਆਂ ਵਾਲ਼ੇ ਖਤ
ਮਨ ਦੇ ਸ਼ਾਂਤ ਪੰਨਿਆਂ ਉੱਤੇ
ਉੱਕਰ ਜਾਵੇ ਰੁੱਖੀਆਂ ਇਬਾਰਤਾਂ

ਨਿੱਕੇ ਨਿੱਕੇ
ਦੀਵਿਆਂ ਦੇ ਚਾਨਣ ਵਿਚ
ਉਠਾਲ ਲਵਾਂਗੀ ਇਕ ਹਰਫ਼-ਪਿਆਰ
ਨਿੰਮੇ ਨਿੰਮੇ
ਤਾਰਿਆਂ ਦੀ ਲੋਅ ਵਿਚ
ਮੁਕਾ ਲਵਾਂਗੀ ਵਾਟ ਅਧੂਰੀ
ਨੰਨ੍ਹੇ ਨੰਨ੍ਹੇ
ਹਰਫ਼ਾਂ ਦੀ ਸੰਗਤ ਵਿਚ
ਸਿਰਜ ਲਵਾਂਗੀ ਅਰਥ ਦਰ ਅਰਥ

ਮੰਦ ਮੰਦ ਮੁਸਕਰਾਉਂਦੀ
ਘਰ ਦੀ ਨੇਮ ਪਲੇਟ ਉੱਤੇ ਲਿਖ ਲਵਾਂਗੀ
ਤਾਰਿਆਂ ਦੇ ਨਿੱਕੇ-ਨਿੱਕੇ ਸਿਰਨਾਵੇਂ

ਦੀਵੇ ਦੀ ਲੋਅ ਬਣ
ਲਿੱਪੇ ਬਨੇਰਿਆਂ ਉੱਤੇ ਬੈਠ ਜਾਵਾਂਗੀ
ਬੱਦਲਾਂ 'ਚ ਲੁਕੇ ਚੰਨ ਨੂੰ ਭਾਲ਼ ਕੇ
ਖਲਾਅ 'ਚ ਪੱਸਰੀ
ਕਾਲਖ ਦੇ ਮੱਥੇ 'ਤੇ ਚਿਪਕਾ ਦੇਵਾਂਗੀ

ਅੱਜ ਦੇ ਦਿਨ
ਜਿਹੜਾ ਵੀ ਨਿਰਮੋਹਾ ਪਲ
ਇਕਰਾਰ ਨੂੰ
ਇਨਕਾਰ ਦੇ ਕਟਹਿਰੇ 'ਚ ਖੜ੍ਹਾ ਕਰੇਗਾ
ਮਹਿਫ਼ਲ ਨੂੰ
ਮਾਤਮ ਵਿਚ ਤਬਦੀਲ ਕਰਨ ਦਾ ਯਤਨ ਕਰੇਗਾ
ਉਸ ਦੇ ਖ਼ਿਲਾਫ਼ ਸ਼ਰੇਆਮ
ਦਿਲ ਦੇ ਚੌਂਕ ਵਿਚ ਬਹਿ ਕੇ ਧਰਨਾ ਦੇਵਾਂਗੀ

ਮੈਂ ਨਹੀਂ ਕਰਾਂਗੀ ਸ਼ਾਮਿਲ
ਅੱਜ ਦੇ ਦਿਨ ਦੀ ਡਾਇਰੀ ਵਿਚ,
ਅਜਿਹਾ ਕੋਈ ਵੀ ਪਲ...ਅਜਿਹਾ ਕੋਈ ਵੀ ਛਿਣ

•

## ਤੂੰ ਦਸਤਾਨੇ ਉਤਾਰ

ਜੇ ਲੰਮਾ ਸਫ਼ਰ
ਮੇਰੇ ਨਾਲ਼ ਤੁਰਨਾ ਹੈ
ਤਾਂ ਪਹਿਲਾਂ ਦਸਤਾਨੇ ਉਤਾਰ

ਇੰਜ ਤਾਂ
ਮਹਿਸੂਸ ਹੀ ਨਹੀਂ ਹੋ ਰਿਹਾ
ਪੋਟਿਆਂ ਦਾ ਨਿੱਘ...ਉਂਗਲਾਂ ਦੀ ਛੋਹ
ਲੱਗਦਾ ਹੀ ਨਹੀਂ
ਕਿ ਤੂੰ ਮੇਰੇ ਨਾਲ਼ ਨਾਲ਼ ਤੁਰ ਰਿਹਾ ਏਂ

ਇਕੱਲੀ ਤਾਂ ਮੈਂ ਪਹਿਲਾਂ ਹੀ ਸੀ
ਹੋਰ ਇਕੱਲੀ ਨਾ ਕਰ
ਇਸ ਤਰ੍ਹਾਂ ਕਰਨ ਨਾਲ਼
ਪਹਿਲਾਂ ਮਨ ਟੁੱਟਦਾ ਹੈ
ਫਿਰ ਰਿਸ਼ਤੇ
ਤੇ ਪਿੱਛੋਂ ਹੋਰ ਵੀ ਤਿੜਕ ਜਾਂਦਾ ਬੜਾ ਕੁੱਝ
ਘਰਾਂ ਦੇ ਘਰ ਖਪ ਜਾਂਦੇ
ਇਨ੍ਹਾਂ ਡੂੰਘੀਆਂ ਖੱਡਾਂ ਵਿਚ

ਪਹਿਲਾਂ ਦਸਤਾਨੇ ਤਾਂ ਉਤਾਰ
ਮੈਂ ਤੈਨੂੰ
ਧੁਰ ਅੰਦਰ ਤੱਕ ਨਿੱਘ ਦੇਵਾਂਗੀ
ਤੇਰੀਆਂ ਰਗ਼ਾਂ 'ਚ ਜੰਮੇ ਖ਼ੂਨ ਨੂੰ
ਹਰਕਤ ਦੇਵਾਂਗੀ
ਤੂੰ ਮੇਰੀ ਰੂਹ ਦੇ ਜਸ਼ਨਾਂ 'ਚ
ਸ਼ਾਮਿਲ ਹੋ ਕੇ ਤਾਂ ਵੇਖ

ਠਰਦਿਆਂ ਠਰਦਿਆਂ
ਹੋਰ ਕਿੰਨੇ ਕੁ ਵਸਤਰ ਪਹਿਨੇਂਗਾ
ਇਹ ਕੱਪੜੇ ਤਾਂ
ਤਨ-ਬਦਨ ਦੇ ਨਿੱਘ ਲਈ ਹੁੰਦੇ
ਪਰ ਠੰਢ ਤਾਂ
ਕਿਤੇ ਹੋਰ ਹੈ ਮੇਰੀ ਜਾਨ!

ਸਵੇਰੇ-ਸ਼ਾਮ ਸੈਰ ਕਰਦਿਆਂ
ਕਾਲੀ ਐਨਕ ਵੀ ਨਾ ਲਾਇਆ ਕਰ
ਖਿੜੇ ਫੁੱਲ ਮੁਰਝਾਂ ਜਾਂਦੇ ਨੇ
ਗੁਲਾਬੀ ਮੌਸਮ ਧੁੰਦਲਾ ਹੋ ਜਾਂਦਾ ਹੈ
ਨੀਲਾ ਅੰਬਰ...ਮੈਲਾ-ਮੈਲਾ
ਮੇਰਾ ਗੋਰਾ ਰੰਗ ਵੀ
ਤੈਨੂੰ ਕਾਲਾ-ਕਾਲਾ ਲੱਗਦਾ ਹੋਣੈ
ਭੁਲੇਖਿਆਂ ਵਿਚ ਹੀ...ਉਮਰ ਬੀਤ ਰਹੀ ਹੈ

ਤੂੰ ਮੇਰੇ ਜਨਮ-ਦਿਨ ਮੌਕੇ
ਅੰਬਾਰ ਲਾ ਦਿੰਨੈਂ ਤੋਹਫ਼ਿਆਂ ਦੇ
ਬੱਸ ਹੁਣ ਰਹਿਣ ਦੇ
ਘਰ ਨੂੰ ਸ਼ੋਅ-ਕੇਸ ਨਾ ਬਣਾ

ਦੇ ਦੇ ਮੈਨੂੰ
ਕੁੱਝ ਨੰਨ੍ਹੇ-ਨੰਨ੍ਹੇ ਅਹਿਸਾਸ
ਭਿੱਜੀਆਂ ਤੱਕਣੀਆਂ ਤੇ ਪੋਟਿਆਂ ਦੀ ਕੋਮਲ ਛੋਹ
ਇਸੇ ਆਨੰਦ ਵਿਚ
ਮੈਂ ਰਹਿੰਦੀ ਉਮਰ ਗੁਜ਼ਾਰ ਲਵਾਂਗੀ

ਬਹੁਤ ਕੁੱਝ ਪਿਆ ਹੈ ਮੇਰੇ ਕੋਲ
ਤੇਰਾ ਅਣਵਰਤਿਆ
ਅਣਕਿਹਾ ਤੇ ਅਣਲਿਖਿਆ
ਸ਼ੀਸ਼ੇ ਦੀ ਅਲਮਾਰੀ 'ਚ ਸਾਂਭਿਆ

ਤੂੰ
ਮੇਰੀਆਂ ਅੱਖਾਂ 'ਚੋਂ ਪੜ੍ਹ
ਭਿੱਜੀਆਂ ਪਲਕਾਂ ਓਹਲੇ
ਗੁੰਮ ਗੁਆਚ ਗਏ...ਸਫ਼ਿਆਂ ਦੇ ਸਫ਼ੇ

ਤੂੰ
ਮੇਰੀਆਂ ਅੱਖਾਂ 'ਚੋਂ ਪੜ੍ਹ
ਭਿੱਜੀਆਂ ਪਲਕਾਂ ਓਹਲੇ
ਗੁੰਮ ਗੁਆਚ ਗਏ...ਸਫ਼ਿਆਂ ਦੇ ਸਫ਼ੇ

ਮੈਂ ਤੇਰੇ ਐਨ ਕੋਲ ਹਾਂ
ਤੇਰੇ ਰੋਮ ਰੋਮ ਵਿਚ ਰਮੀ ਹੋਈ
ਪੱਤਾ ਪੱਤਾ ਹੋ ਕੇ
ਤੇਰੇ ਰਾਹਾਂ ਵਿਚ ਵਿਛੀ ਹੋਈ
ਤੂੰ ਜਾਣ ਲੈ ਮੈਨੂੰ
ਤੇ ਸੁਣ ਲੈ
ਵਕਤ ਦੇ ਬੋਲਾਂ ਹੇਠ ਦਬੀ ਹੋਈ
ਮੇਰੀ ਰੰਗਲੀ ਚੁੱਪ ਨੂੰ

ਮੈਂ ਕੋਈ
ਲਾਇਬ੍ਰੇਰੀ ਦੇ ਰੱਖਣੇ 'ਚ ਪਈ
ਗਰਦ ਅੱਟੀ ਕਿਤਾਬ ਨਹੀਂ
ਕਿ ਜਿਹੜਾ ਮਰਜ਼ੀ ਚੁੱਕੇ...ਝਾੜੇ
ਤੇ ਪੜ੍ਹ ਕੇ ਉਥੇ ਹੀ ਰੱਖ ਦੇਵੇ

ਮੈਂ ਤਾਂ
ਤੇਰੇ ਕਮਰੇ ਦੀ ਸੈਲਫ਼ ਉੱਤੇ ਪਈ
ਤੇਰੇ ਹੱਥਾਂ ਦੇ ਐਨ ਨੇੜੇ
ਖ਼ਤ ਕਵਿਤਾਵਾਂ ਨਾਲ਼ ਭਰੀ ਡਾਇਰੀ ਹਾਂ
ਤੂੰ ਰੂਹ ਲਾ ਕੇ ਪੜ੍ਹ
ਇਸ ਵਿਚ ਉਕਰੀਆਂ ਕਵਿਤਾਵਾਂ
ਤੈਨੂੰ ਹੋਰ ਨੇੜੇ ਕਰ ਦੇਣਗੀਆਂ...ਮੇਰੀ ਭਾਵਨਾ ਦੇ

ਤੂੰ ਜੇ ਫੜ ਸਕਦਾ ਏਂ
ਮੇਰੇ ਅੰਬਰ ਵਿਚ ਉੱਡਦਿਆਂ ਪਰਿੰਦਿਆਂ ਨੂੰ
ਤਾਂ ਨਿਗਾਹਾਂ ਨਾਲ਼ ਫੜ...
ਤੂੰ ਜੇ ਕਰ ਸਕਦਾ ਏ...
ਕੁੱਝ ਮੋਹ ਭਿੱਜੀਆਂ ਗੱਲਾਂ
ਤਾਂ ਸਾਹਾਂ ਨਾਲ਼ ਕਰ...

ਇੰਜ ਹੀ ਨਿੱਕੀ ਜਿਹੀ
ਚਾਰਦੀਵਾਰੀ ਵਾਲਾ ਇਹ ਮਕਾਨ
ਘਰ ਵਿਚ ਤਬਦੀਲ ਹੋਵੇਗਾ
ਪਰ੍ਹੇ-ਪਰ੍ਹੇ ਉੱਡਦਾ ਭੌਰ
ਏਦਾਂ ਹੀ ਫੁੱਲਾਂ 'ਤੇ ਆ ਕੇ ਬੈਠੇਗਾ

ਮੈਂ ਤਾਂ ਬਹੁਤ ਕੁੱਝ ਕਹਿ ਲਿਆ
ਹੁਣ ਤੇਰੀ ਵਾਰੀ ਹੈ

ਪਰ ਬੋਲਣ ਤੋਂ ਪਹਿਲਾਂ
ਆਪਣੇ ਦਸਤਾਨੇ...ਐਨਕ
ਤੇ ਹੋਰ ਸਾਰੇ ਗਿਲਾਫ਼ ਉਤਾਰ

ਮੈਂ ਤੈਨੂੰ...ਆਰ-ਪਾਰ ਵੇਖਣਾ ਚਾਹੁੰਦੀ ਹਾਂ।

•

## ਤੈਨੂੰ ਪਤਾ ਹੀ ਨਾ ਲੱਗਾ

ਕਦੋਂ ਮਲਕੜੇ ਜਿਹੇ ਮੈਂ
ਤੇਰੀ ਰੂਹ ਅੰਦਰ
ਵਾਸ ਕਰ ਲਿਆ
ਤੈਨੂੰ ਪਤਾ ਹੀ ਨਾ ਲੱਗਾ

ਚੁੱਪ-ਚਾਪ ਵਗਦੀ ਨਦੀ
ਕਦੋਂ ਸਰਸਵਤੀ ਬਣ ਕੇ
ਤੇਰੇ ਸੰਗਮ ਵਿਚ ਸ਼ਾਮਿਲ ਹੋ ਗਈ
ਤੈਨੂੰ ਪਤਾ ਹੀ ਨਾ ਲੱਗਾ

ਕਦੇ ਤੇਰੇ ਪੱਤਿਆਂ ’ਤੇ
ਤਰੇਲ ਬਣ ਕੇ ਬਹਿ ਜਾਵਾਂ
ਕਦੇ ਤੇਰੀ ਗੂੜ੍ਹੀ ਨੀਂਦ ਦਾ
ਸੁਰਮਈ ਸੁਫ਼ਨਾ ਬਣ ਜਾਵਾਂ
ਕਦੇ ਤੈਨੂੰ ਸੁੱਤਿਆਂ ਜਗਾਵਾਂ,
ਤੈਨੂੰ ਤਾਜ਼ਾ ਰੱਖਣ ਦੇ ਆਹਰ ਵਿਚ
ਕਿੰਨੀ ਕੁਮਲਾ ਗਈ ਹਾਂ
ਤੈਨੂੰ ਪਤਾ ਹੀ ਨਾ ਲੱਗਾ

ਗੁਲਾਬਜ਼ਾਦਿਆ !
ਮੈਂ ਇਹ ਜ਼ਿੰਮੇਦਾਰੀਆਂ
ਕਦੋਂ ਤੇ ਕਿਵੇਂ ਸਵੀਕਾਰੀਆਂ
ਮੈਂ ਇਹ ਫ਼ਰਜ਼
ਕਦੋਂ ਤੇ ਕਿਵੇਂ ਨਿਭਾਏ
ਤੈਨੂੰ ਪਤਾ ਹੀ ਨਾ ਲੱਗਾ

ਰਾਹਾਂ 'ਚ ਨਾ ਸਹੀ
ਤੇਰੇ ਸਾਹਾਂ 'ਚ ਸ਼ਾਮਿਲ ਰਹਾਂਗੀ ਮੈਂ
ਬਾਹਵਾਂ 'ਚ ਨਾ ਸਹੀ
ਹਵਾਵਾਂ 'ਚ ਹਾਜ਼ਰ ਰਹਾਂਗੀ ਮੈਂ
ਬਸ ਉਵੇਂ ਹੀ
ਜਿਵੇਂ ਬੱਚਿਆਂ ਦੀ ਮੁਸਕਾਨ
ਕਲਾਸ ਰੂਮ ਤੋਂ ਬਾਹਰ ਆ ਕੇ ਵੀ
ਮੇਰੇ ਨਾਲ਼-ਨਾਲ਼ ਰਹਿੰਦੀ ਹੈ

ਡੂੰਘੀ ਰਾਤ ਤੱਕ
ਤੇਰੇ ਮੱਥੇ ਉੱਤੇ ਹੱਥ ਰੱਖਦੀ ਹਾਂ
ਮੀਂਹ ਕਣੀ ਜਾਂ ਸਿਖ਼ਰ ਦੁਪਹਿਰੇ
ਛੱਤਰੀ ਬਣ ਜਾਂਦੀ ਹਾਂ
ਵਿੱਥ 'ਤੇ ਖਲੋਅ ਕੇ ਵੀ
ਕਿਵੇਂ ਤੇਰੇ ਨਾਲ਼-ਨਾਲ਼ ਰਹਿੰਦੀ ਹਾਂ
ਤੈਨੂੰ ਪਤਾ ਹੀ ਨਾ ਲੱਗਾ

ਫੁੱਲਾਂ ਵਾਂਗ ਰੂਹ ਦੀ ਵੀ
ਪਰਾਗਣ-ਕਿਰਿਆ ਹੁੰਦੀ ਹੈ
ਮੈਂ ਤੇਰੇ ਫੁੱਲਾਂ ਅੰਦਰ...
ਰੰਗ ਬਣ ਕੇ, ਮਹਿਕ ਬਣ ਕੇ
ਕਦੋਂ ਪ੍ਰਵੇਸ਼ ਕੀਤਾ
ਤੈਨੂੰ ਪਤਾ ਹੀ ਨਾ ਲੱਗਾ

•

# ਤੂੰ ਇੰਜ ਕਰੀਂ

ਮੇਰੀ ਡੂੰਘੀ ਉਦਾਸੀ 'ਚ
ਚੱਪਾ ਕੁ ਖ਼ੁਸ਼ੀ
ਰਲ਼ ਜਾਂਦੀ ਹੈ ਉਦੋਂ
ਜਦੋਂ ਸੁਰਮਈ ਬੱਦਲੀ ਦੀ ਬੁੱਕਲ ਵਿਚ
ਤੀਜ ਦੇ ਚੰਨ ਨੂੰ ਬੈਠਾ ਤੱਕਦੀ ਹਾਂ

ਉਂਜ ਤਾਂ
ਬਿਰਹਾ ਦਾ ਚਰਖ਼ਾ ਕੱਤਦਿਆਂ
ਉਦਾਸੀ ਦੇ ਗੀਤ ਗਾਉਂਦਿਆਂ
ਉਮਰ ਭਰ
ਚਿਹਰੇ ਦੀ ਰੁਮਾਲ ਗਿੱਲੀ ਹੀ ਰਹੀ

ਤੜਫਦੇ ਦਿਲ ਨੂੰ
ਜੇ ਇਕ ਅੱਧ ਸਾਹ
ਸੁੱਖ ਦਾ ਮਿਲਿਆ ਵੀ
ਉਹ ਵੀ ਖ਼ੁਦ ਤੋਂ ਹੀ ਲਿਆ ਹੁਦਾਰਾ

ਚਲੋ !
ਤੇਰੀਆਂ ਕਵਿਤਾਵਾਂ ਤਾਂ
ਪੜ੍ਹੀਆਂ ਹੀ ਜਾਣਗੀਆਂ ਗਾਹੇ-ਬ-ਗਾਹੇ
ਵਕਤ ਦੇ ਸਫ਼ਿਆਂ 'ਤੇ ਉੱਕਰੀਆਂ
ਪਰ
ਮੇਰੇ ਮਨ ਦੇ ਸਫ਼ੇ 'ਤੇ
ਕੱਚੀ ਸਿਆਹੀ ਨਾਲ਼ ਲਿਖੀਆਂ
ਇਹਨਾਂ ਨਜ਼ਮਾਂ ਨੂੰ ਕੌਣ ਪੜ੍ਹੇਗਾ ?

ਬੱਸ ਤੂੰ ਇੰਜ ਕਰੀਂ
ਆਪਣੀ ਜ਼ਿੰਦਗੀ ਦੀ
ਕਿਸੇ ਕਿਰਮਚੀ ਸ਼ਾਮ ਦੀ ਰੁਮਾਲ
ਮੇਰੇ ਲਈ ਮਹਿਫ਼ੂਜ਼ ਰੱਖੀਂ

ਖਲਾਅ 'ਚ ਲਟਕਦੇ
ਜਜ਼ਬਾਤੀ ਪਲਾਂ ਦੇ ਅੱਥਰੂ ਪੂੰਝਣ ਲਈ
ਤਿੜਕੀਆਂ ਯਾਦਾਂ ਦੀਆਂ
ਕੁੱਝ ਠੀਕਰੀਆਂ ਲਪੇਟਣ ਲਈ...

ਬਸ ਤੂੰ ਇੰਜ ਕਰੀਂ...

•

## ਲੰਡਨ ਦਾ ਦਿਲ

ਵਲਾਇਤ ਦਾ ਦਿਲ ਹੈ ਲੰਡਨ
ਤੇ ਦਿਲ ਦੀ ਧੜਕਣ ਜਿਹਾ
ਥੇਮਜ਼ ਦਰਿਆ

ਨਿਰੰਤਰ ਵਹਿ ਰਿਹਾ ਹੈ
ਬੇ-ਰੋਕ, ਬੇ-ਟੋਕ
ਸੱਚ ਪੁੱਛੋ ਤਾਂ ਇਹ ਦਰਿਆ
ਦਰਿਆ ਹੀ ਨਹੀਂ ਲੱਗਦਾ

ਨਾ ਝੱਗ — ਨਾ ਛੱਲਾਂ
ਨਾ ਉਮੰਗਾਂ — ਨਾ ਤਰੰਗਾਂ
ਨਾ ਪਹੇਲੀਆਂ — ਨਾ ਹਠਖੇਲੀਆਂ
ਨਿਰਾ ਆਗਿਆਕਾਰ ਬੱਚਾ

ਨਾ ਇਹ ਕਿਨਾਰੇ ਤੋੜਦਾ
ਨਾ ਇਹ ਕਿਸ਼ਤੀਆਂ ਰੋੜ੍ਹਦਾ
ਸਹਿਜ ਸੁਭਾਅ ਸ਼ਾਂਤ ਵਗਦਾ
ਲਛਮਣ ਰੇਖਾ ਦੀ ਮਰਿਆਦਾ
ਕਦੇ ਨਹੀਂ ਉਲੰਘਦਾ

ਥੇਮਜ਼ ਕਿਨਾਰੇ ਟਹਿਲਦਿਆਂ
ਇਕ ਸੁਰਮਈ ਸ਼ਾਮ ਨੂੰ
ਤੇਰੀ ਯਾਦ ਆਈ...ਬਹੁਤ ਯਾਦ ਆਈ

ਪਤਾ ਹੀ ਨਾ ਲੱਗਾ
ਕਦੋਂ ਤੂੰ ਹੱਦਾਂ-ਸਰਹੱਦਾਂ ਟੱਪ ਕੇ
ਪੌਣਾਂ 'ਚ ਘੁਲ਼ ਕੇ
ਸਾਖ਼ਸ਼ਾਤ ਮੇਰੇ ਕੋਲ ਆ ਗਿਆ
ਤੇ ਮੈਂ...ਵੇਖਦੀ ਹੀ ਰਹਿ ਗਈ

ਚਾਅ 'ਚ ਖੀਵੀ ਹੋਈ
ਕਲਾਵੇ 'ਚ ਲੈਣ ਲੱਗੀ ਤੈਨੂੰ
ਤਾਂ ਝੋਲੀ ਖ਼ਾਲੀ ਸੀ
ਬੁੱਕਲ਼ ਸੱਖਣੀ ਸੀ

ਵੇਂਹਦਿਆਂ ਵੇਂਹਦਿਆਂ
ਕਿਧਰ ਤਿਲਕ ਗਿਆ ਤੂੰ... ?

ਮੈਂ ਅਸ਼ਾਂਤ ਹੋ ਗਈ
ਬੇਮਜ਼ ਸ਼ਾਂਤ ਵਗਦਾ ਰਿਹਾ...

•

# ਰਾਤ ਜਾਗਦੀ ਹੈ

ਰਾਤ ਜਾਗਦੀ ਹੈ
ਸਿਰਫ਼ ਅਸੀਂ ਸੌਂਦੇ ਹਾਂ
ਦਿਨ ਦੇ ਥਪੇੜਿਆਂ ਹੱਥੋਂ ਝੰਬੇ ਹੋਏ

ਥੱਕੇ ਹੋਏ
ਰਾਤ ਦੀ ਬੁੱਕਲ 'ਚ ਬਹਿ ਕੇ
ਖ਼ੁਦ ਨੂੰ ਜੋੜਦੇ ਰਹਿੰਦੇ ਹਾਂ

ਰਾਤ ਨਹੀਂ ਸੌਂਦੀ
ਤਾਰਿਆਂ ਨਾਲ਼ ਖੇਡਦੀ
ਚੰਨ ਨੂੰ ਗੋਦ 'ਚ ਬਿਠਾਉਂਦੀ
ਘਰ ਘਰ ਸੁਫ਼ਨੇ ਵੰਡਦੀ
ਧਰਤੀ ਦੇ ਸਿਰ 'ਤੇ
ਸਿਤਾਰਿਆਂ ਵਾਲ਼ੀ ਚੁੰਨੀ ਸਜਾਉਂਦੀ

ਉੱਡਦੀ ਟਟੀਹਰੀ ਦੇ
ਖੰਭਾਂ 'ਚ ਪਰਵਾਜ਼ ਭਰਦੀ
ਜੁਗਨੂੰਆਂ ਦੇ ਪਿੱਛੇ ਪਿੱਛੇ ਦੌੜਦੀ
ਥਾਉਂ ਥਾਈਂ ਚੁੱਪ ਵਰਤਾਉਂਦੀ
ਰਾਤ...ਸਾਰੀ ਰਾਤ ਪਹਿਰਾ ਦਿੰਦੀ

ਪ੍ਰਭਾਤ ਵੇਲੇ ਆਲ੍ਹਣਿਆਂ 'ਚ
ਪੰਛੀਆਂ ਨੂੰ ਜਗਾਉਂਦੀ
ਕੰਮੀਂ-ਕਾਰੀਂ ਸਫ਼ਰ 'ਤੇ ਤੋਰਦੀ
ਫੁੱਲਾਂ ਦਾ ਮੂੰਹ ਧੋਂਦੀ
ਤਰੇਲ ਮੋਤੀਆਂ ਨਾਲ਼
ਘਾਹ ਦੀਆਂ ਪੱਤੀਆਂ ਦਾ ਸਿਰ ਗੁੰਦਦੀ
ਰਾਤ ਨਹੀਂ ਸੌਂਦੀ

ਰਾਤ ਵੀ ਨਿਰੀ ਮਾਂ ਜਿਹੀ
ਅੱਕਦੀ ਨਾ ਥੱਕਦੀ
ਸੁਫ਼ਨੇ ਬੁਣਦੀ ਰਹਿੰਦੀ
ਬੁੱਕਲ 'ਚ ਖੇਡਦਾ ਚੰਨ
ਉਨ ਦੇ ਸਾਰੇ ਧਾਗੇ ਉਲਝਾ ਦਿੰਦਾ
ਰਾਤ ਕਦੇ ਨਹੀਂ ਸੌਂਦੀ

ਰਾਤ
ਚੌਵੀ ਘੰਟਿਆਂ 'ਚੋਂ ਅੱਧ ਦੀ ਮਾਲਕ
ਪਰ
ਮਿਲਦਾ ਨਹੀਂ ਉਸ ਨੂੰ ਉਸ ਦਾ ਹਿੱਸਾ
ਦਿਨ ਖੋਹ ਕੇ ਲੈ ਜਾਂਦਾ ਸਾਰਾ ਚਾਨਣ
ਸਾਰੀ ਕਾਲ਼ਖ ਰਾਤ ਦੇ ਪੱਲੇ ਪੈ ਜਾਂਦੀ

ਰਾਤ ਨੂੰ ਨਹੀਂ ਚਾਹੀਦਾ ਕੋਈ ਕੱਜਣ
ਉਹ ਤਾਰਿਆਂ ਨੂੰ
ਧੋਤੇ ਕੱਪੜੇ ਪਾ ਕੇ ਸਕੂਲ ਤੋਰਦੀ
ਖਿੱਤੀਆਂ ਦੇ ਫ਼ਰਾਕਾਂ ਪਾਉਂਦੀ

ਜਾਗ ਮਨਾਂ!
ਤੂੰ ਵੀ ਇੰਜ ਕਰ
ਉਨੀਂਦਰੀ ਰਾਤ ਦੀ ਲੰਮੀ ਬਾਤ ਦਾ
ਨਿੱਕਾ ਜਿਹਾ ਹੁੰਗਾਰਾ ਭਰ

ਰਾਤ ਜਾਗਦੀ ਹੈ...ਰਾਤ ਕਦੇ ਨਹੀਂ ਸੌਂਦੀ।

•

## ਆਸ਼ਾ-ਅਭਿਲਾਸ਼ਾ

ਮੇਰੀ ਬਗ਼ੀਚੀ ਵਿੱਚੋਂ
ਝੜੀ ਨਹੀਂ ਹੈ
ਨੰਨ੍ਹੇ ਬੂਟਿਆਂ ਦੀ ਹਰਿਆਵਲ

ਮੇਰੀ ਬੰਸਰੀ 'ਚੋਂ
ਮਰੀ ਨਹੀਂ ਹੈ ਅਜੇ
ਸਾਰੀ ਦੀ ਸਾਰੀ ਵੇਦਨਾ

ਮੇਰੀ ਕਿਤਾਬ ਦੇ ਪੰਨਿਆਂ ਤੋਂ
ਮੁੱਕੀ ਨਹੀਂ ਹੈ ਅਜੇ
ਸਾਰੀ ਦੀ ਸਾਰੀ ਸੰਵੇਦਨਾ

ਝੀਲ ਵਿਚ
ਕਮਲ ਪੱਤੀਆਂ ਵਾਂਗ
ਤੈਰ ਰਹੀਆਂ ਨੇ ਮੇਰੀਆਂ ਭਾਵਨਾਵਾਂ

ਘਾਹ ਦੀ ਨੋਕ 'ਤੇ
ਤ੍ਰੇਲ ਬਣ ਕੇ
ਹੱਸ ਰਹੀਆਂ ਨੇ ਮੇਰੀਆਂ ਸੰਭਾਵਨਾਵਾਂ

ਮਨ ਦੀਆਂ ਕੂੰਜਾਂ
ਕੂਕ ਪਈਆਂ
ਕਿਰਮਚੀ ਸ਼ਾਮ ਦੇ ਅੰਬਰ ਵਿਚ

ਤਨ ਦੇ ਪਰਿੰਦੇ
ਸ਼ਾਮਿਲ ਹੋ ਗਏ ਨੇ
ਸਵੇਰ ਦੀ ਪ੍ਰਾਰਥਨਾ ਵਿਚ

ਪਤਿਆਂ ਨੂੰ
ਘਨੇੜੀਂ ਖਿਡਾ ਰਹੀਆਂ ਨੇ
ਲਗਰੀਆਂ ਟਹਿਣੀਆਂ

ਘੁੱਗੀਆਂ ਨੇ
ਭਰ ਲਈ ਹੈ
ਖੰਭਾਂ ਵਿਚ ਕੋਮਲ ਪਰਵਾਜ਼

ਮਿੰਨੀ ਮਿੰਨੀ
ਮੁਸਕਰਾਹਟ ਬਿਖੇਰ ਰਹੇ ਨੇ
ਨਿੱਕੇ ਨਿੱਕੇ ਜੰਗਲੀ ਫੁੱਲ

ਚੱਪਾ ਕੁ
ਨਿਰਮਲਤਾ ਬਚੀ ਹੋਈ ਹੈ
ਅਛੂਹ ਚੋਟੀ ਦੀ ਇਸ ਟੀਸੀ ਕੋਲ

ਮੇਰੀ ਬਗ਼ੀਚੀ ਵਿੱਚੋਂ
ਝੜੀ ਨਹੀਂ ਹੈ
ਨੰਨ੍ਹੇ ਬੂਟਿਆਂ ਦੀ ਹਰਿਆਵਲ।

•

# ਹਾਜ਼ਰੀ ਗ਼ੈਰ-ਹਾਜ਼ਰੀ

ਮੇਰੇ ਆਸ-ਪਾਸ ਪਏ
ਮੇਜ਼-ਕੁਰਸੀਆਂ-ਕੰਪਿਊਟਰ
ਸਭ ਖ਼ਾਮੋਸ਼ ਹਨ

ਤੇਰੇ ਜਾਣ ਪਿੱਛੋਂ
ਜਿਵੇਂ
ਹੱਸਣਾ ਹੀ ਭੁੱਲ ਗਏ ਇਹ

ਸ਼ਾਇਦ
ਇਹ ਸਾਰੀਆਂ ਵਸਤਾਂ
ਤੇਰੀ ਹਾਜ਼ਰੀ ਵਿਚ ਹੀ ਖ਼ੁਸ਼ ਨੇ
ਤੇਰੇ ਲਈ ਹੀ ਹੱਸਦੀਆਂ ਨੇ
ਤੇਰੇ ਲਈ ਹੀ ਬੋਲਦੀਆਂ ਨੇ

ਪਰ ਤੇਰੇ ਜਾਣ ਪਿੱਛੋਂ
ਇਹ ਸਾਰੀਆਂ ਚੁੱਪ ਵਸਤਾਂ
ਮੈਨੂੰ ਵੀ
ਆਪਣੀ ਖ਼ਾਮੋਸ਼ੀ ਵਿਚ ਸ਼ਾਮਿਲ ਕਰ ਲੈਂਦੀਆਂ ਨੇ

ਫਿਰ ਇਕ ਦਿਨ ਅਚਾਨਕ
ਕਮਰੇ ਦੀਆਂ ਸਾਰੀਆਂ ਚੁੱਪ-ਮੂਰਤਾਂ
ਫ਼ਰੇਮਾਂ ਤੋਂ ਬਾਹਰ ਆ ਕੇ
ਠਾਹਕਾ ਮਾਰ
ਉੱਚੀ ਉੱਚੀ ਹੱਸ ਪਈਆਂ

ਤੂੰ ਜੋ ਬੂਹੇ 'ਤੇ ਖੜ੍ਹਾ ਸੀ...

•

## ਨਾ ਰੋ ਮਾਂ

ਨਾ ਰੋ ਮਾਂ!
ਮਹਿੰਗੇ ਮੋਤੀ ਅੱਖੀਓਂ ਨਾ ਕੇਰ
ਆਪਣੇ ਵੀ ਚੰਗੇ ਦਿਨ ਆਉਣਗੇ
ਮੈਂ ਮਾਂ ਦੀਆਂ ਅੱਖਾਂ
ਉਸੇ ਦੀ ਚੁੰਨੀ ਨਾਲ਼ ਪੂੰਝਦੀ ਤੇ ਆਖਦੀ

ਮੈਨੂੰ ਵੱਡੀ ਹੋ ਲੈਣ ਦੇ ਮਾਂ!
ਤੇਰੇ ਮੱਥੇ ਦੇ ਸਾਰੇ ਦੁੱਖ
ਚੂਸ ਲਵਾਂਗੀ ਇੱਕੋ ਸਾਹ
'ਕੱਲਾ 'ਕੱਲਾ ਕੰਡਾ ਚੁਗਾਂਗੀ
ਤੇਰੀ ਅੱਡੀ 'ਚ ਖੁੱਭਿਆ
ਸਾਡੀ ਵੀ ਸਵੇਰ ਹੋਏਗੀ
ਮੁਕੇਗਾ ਹਨੇਰਾ ਸਾਡੇ ਰਾਹਾਂ ਵਿੱਚੋਂ ਵੀ

ਮੈਂ ਮਾਂ ਨੂੰ ਜਦ ਇਹ ਆਖਦੀ
ਉਹ ਹਸਰਤ ਭਰੀਆਂ ਅੱਖਾਂ ਨਾਲ਼
ਮੈਨੂੰ ਨੀਝ ਲਾ ਕੇ ਵੇਖਦੀ
ਤੱਕਦੀ ਵਿਸ਼ਵਾਸ ਨਾਲ਼ ਮੇਰੇ ਵੱਲ
ਲਬਾ ਲਬ ਭਰ ਜਾਂਦੀ...ਪੱਕੇ ਪੈਰੀਂ ਹੋ ਜਾਂਦੀ

ਬੀਤ ਗਿਆ ਵਕਤ ਵੀ ਬੇਵਕਤ ਹੀ
ਦਿਨ, ਮਹੀਨੇ, ਸਾਲ, ਦਹਾਕੇ
ਹੁਣ ਮੈਂ ਆਪ ਇਕ ਮਾਂ ਹਾਂ

ਹੁਣ ਜਦ ਕਦੇ
ਮੇਰੀ ਅੱਖ ਸਿੱਲ੍ਹੀ ਹੁੰਦੀ
ਤਾਂ ਮੇਰਾ ਪੁੱਤ ਆਖਦਾ
ਐਨ ਮੇਰੇ ਵਾਂਗ ਹੀ
ਨਾ ਰੋ ਮਾਂ! ਆਪਣੇ ਵੀ ਚੰਗੇ ਦਿਨ ਆਉਣਗੇ

ਆਪਣੀ ਧੀ ਦੀਆਂ
ਚਮਕਦੀਆਂ ਅੱਖਾਂ ਵੱਲ ਵੇਖਦੀ ਹਾਂ ਜਦ
ਤਾਂ ਸਹਿਮ ਜਾਂਦੀ ਹਾਂ ਮੈਂ
ਤੇ ਫਿਰ ਸੁਣਦੀ ਹਾਂ
ਆਪਣੀ ਮਾਂ ਦੇ ਮਿੱਠੜੇ ਬੋਲ
ਫਿਰ ਧੁਰ ਅੰਦਰ ਤੱਕ ਲਹਿ ਜਾਂਦੇ
ਸੀਤ ਹਵਾ ਦੇ ਬੁੱਲਿਆਂ ਜਿਹੇ ਮਾਂ ਦੇ ਸ਼ਬਦ:

ਦੇਖ 'ਨਵਰੂਪ'!
ਮੈਂ ਸਾਰੀ ਉਮਰ ਤੇਰਾ ਕਿਹਾ ਮੰਨਿਆ
ਤੂੰ ਵੀ ਆਪਣੇ ਪੁੱਤ ਦਾ ਮੰਨੀ
ਤੂੰ ਵੀ ਜ਼ਿੰਦਗੀ 'ਚ ਹਾਰੀਂ ਨਾ ਕਦੇ
ਜਿਉਂ ਜਿਉਂ
ਤੇਰੇ ਵਿਹੜੇ ਦੇ ਫੁੱਲ ਮੁਸਕਰਾਉਣੇ
ਚੰਗੇ ਦਿਨ ਆਉਣਗੇ ਹੀ ਆਉਣਗੇ

ਤਕੜੀ ਰਹੀਂ...ਹੌਸਲਾ ਰੱਖੀਂ
ਵਿਸ਼ਵਾਸ ਦੀ ਪਹਿਰੇਦਾਰ ਬਣ ਕੇ
ਤੁਰਦੀ ਰਹੀ ਨਿਰੰਤਰ ਚਲੋ ਚਾਲ
ਆਪਣੀ 'ਸੁਰਤੀ' ਤੇ 'ਸਿਧਾਰਥ' ਦੇ ਅੰਗ ਸੰਗ
ਤੇਰੀ ਬਗ਼ੀਚੀ 'ਚ ਮਹਿਕਦੇ ਫੁੱਲਾਂ ਨੇ ਹੀ
ਬਹਾਰਾਂ ਨੂੰ ਜਿਉਣ ਜੋਗਾ ਬਣਾਉਣਾ ਹੈ

ਪੌਣੀ ਸਦੀ ਜਿੱਡੀ ਮੇਰੀ ਮਾਂ ਨੇ
ਆਸ ਦਾ ਪੱਲਾ
ਅੱਜ ਤੀਕ ਵੀ ਨਹੀਂ ਛੱਡਿਆ
ਗ਼ਮ ਦੇ ਡੂੰਘੇ ਸਮੁੰਦਰਾਂ 'ਚੋਂ ਉਸ ਨੇ
ਖ਼ੌਰੇ ਮੈਨੂੰ ਕਿੰਨੀ ਵਾਰ ਕੱਢਿਆ
ਮੋਈ ਮੋਈ ਮਿੱਟੀ ਨੂੰ...ਜਿਉਂਦੀ ਕਰ ਛੱਡਿਆ।

•

## ਨਿੱਕਾ-ਨਿੱਕਾ

ਗਲੀ ਦੇ ਮੋੜ 'ਤੇ ਬੈਠੇ
ਮੀਤੂ ਮੋਚੀ ਕੋਲੋਂ ਹੀ
ਆਪਣੀਆਂ ਜੁੱਤੀਆਂ ਪਾਲਸ਼ ਕਰਵਾਉਂਦੀ ਹਾਂ
ਇਹ ਅਹਿਸਾਸ ਕਰਕੇ
ਕਿ ਉਸ ਦੇ ਵੀ ਤਿੰਨ ਧੀਆਂ ਹਨ

ਵਿਧਵਾ ਸੁਨੀਤਾ ਕੋਲੋਂ
ਬੱਚਿਆਂ ਦੇ ਕੱਪੜੇ
ਪ੍ਰੈੱਸ ਕਰਵਾਉਂਦੀ ਹਾਂ
ਇਹ ਸੋਚਦਿਆਂ
ਕਿ ਉਸ ਦੇ ਬੱਚਿਆਂ ਨੂੰ ਵੀ ਭੁੱਖ ਲੱਗਦੀ ਹੈ

ਸਬਜ਼ੀ ਮੈਂ
ਰੇਹੜੀ ਵਾਲੇ ਰਾਮੂ ਤੋਂ ਹੀ
ਖ਼ਰੀਦਦੀ ਹਾਂ
ਵਿਚਾਰਾ ਖੇਟ ਖ਼ਾਤਰ
ਪਰਦੇਸਾਂ 'ਚ ਭਟਕ ਰਿਹਾ ਹੈ

ਕਦੇ ਕਦੇ
ਨੇੜਲੇ ਬਿਰਧ ਆਸ਼ਰਮ ਵਿਚ
ਘਰ ਪਈਆਂ ਫ਼ਾਲਤੂ ਦਵਾਈਆਂ
ਦੇ ਆਉਂਦੀ ਹਾਂ

ਪਿੰਗਲਵਾੜੇ
ਮੰਦ-ਬੁੱਧੀ ਬੱਚਿਆਂ ਲਈ
ਪੁਰਾਣੇ ਵਸਤਰ ਭੇਜ ਦਿੰਦੀ ਹਾਂ

ਹਰੀਜਨ ਬਸਤੀ ਦੇ
ਪ੍ਰਾਇਮਰੀ ਸਕੂਲ ਵਿਚ
ਕਾਪੀਆਂ, ਪੈਨਸਿਲਾਂ ਵੰਡ ਆਉਂਦੀ ਹਾਂ

ਬੂਹੇ 'ਤੇ ਖੜ੍ਹੇ
ਰਮਤੇ ਜੋਗੀ ਦੇ ਕਾਸੇ ਵਿਚ
ਖ਼ੈਰ ਪਾ ਦਿੰਦੀ ਹਾਂ

ਘਰ ਦੀ ਛੱਤ 'ਤੇ
ਘੁੱਗੀਆਂ-ਕਬੂਤਰਾਂ ਨੂੰ
ਤਿਲ-ਚੌਲੀ ਪਾ ਆਉਂਦੀ ਹਾਂ

ਬੇਸ਼ੱਕ
ਕੁੱਝ ਵੱਡਾ ਕਰਨ ਦੀ
ਜਾਚ ਅਤੇ ਸਮਰੱਥਾ ਨਹੀਂ ਮੇਰੇ ਕੋਲ

ਬੱਸ ਇੰਜ ਹੀ
'ਨਿੱਕਾ-ਨਿੱਕਾ' ਚੰਗਾ ਕਰਕੇ
ਕੁੱਝ 'ਵੱਡਾ' ਕਰਨ ਦਾ ਯਤਨ ਕਰਦੀ ਹਾਂ...

•

## ਜ਼ੋਰਾਵਰ

ਮੌਤ ਨਹੀਂ ਦਿੰਦੇ ਉਹ ਮੈਨੂੰ
ਬਸ ਸਿਸਕਣ ਲਈ
ਭੁੱਖ ਦੀ ਜੀਭ 'ਤੇ
ਭੀਖ ਦੀ ਬੁਰਕੀ ਰੱਖ ਦਿੰਦੇ ਨੇ

ਜਿਉਂਦਾ ਰੱਖਦੇ ਨੇ ਮੈਨੂੰ
ਕਿ ਮੈਂ
ਬੇਵੱਸ ਅੱਖਾਂ ਨਾਲ਼ ਦੇਖ ਸਕਾਂ
ਆਸ਼ਾਵਾਂ ਦੀ ਪੈਲ਼ੀ 'ਚ
ਬੇਗ਼ਾਨੀਆਂ ਲਾਲਸਾਵਾਂ ਦੇ ਹਲ਼ ਚੱਲਦੇ

ਉਨੀਂਦਰਾ ਰੱਖਦੇ ਨੇ ਮੈਨੂੰ
ਆਪਣੀਆਂ
ਬਦਨੀਤੀਆਂ ਦੀ ਚੌਕੀਦਾਰੀ ਲਈ
ਮੇਰੀਆਂ ਲਗਰੀਆਂ ਰੀਝਾਂ
ਟਹਿਣੀਆਂ ਵਾਂਗ ਕੱਟ ਦਿੰਦੇ ਨੇ

ਆਖ਼ਰ
ਕਿੰਨਾ ਕੁ ਹੋਰ
ਤੁਰ ਸਕਾਂਗੀ...ਨੰਗੇ ਪੈਰ
ਕਿੰਨੀ ਕੁ ਦੇਰ
ਜੀ ਸਕਾਂਗੀ...ਭੁੱਖੇ ਢਿੱਡ
ਕਿੰਨਾ ਕੁ ਚਿਰ
ਲੜ ਸਕਾਂਗੀ...ਨੰਗੇ ਧੜ

ਇਹ ਦੇਖਣ ਪਰਖਣ ਲਈ
ਉਹ...ਜਿਉਂਦਾ ਰੱਖਦੇ ਨੇ ਮੈਨੂੰ।

•

## ਮੇਰੇ ਸ਼ਹਿਰ ਵਿਚ

ਮੇਰੇ ਸ਼ਹਿਰ ਵਿਚ
ਹੁਣ ਨਹੀਂ ਵਸਦੇ
ਖੁੱਲ੍ਹੀਆਂ ਕਿਤਾਬਾਂ ਜਿਹੇ ਸਾਫ਼-ਸ਼ਫ਼ਾਫ਼ ਲੋਕ

ਹੁਣ ਤਾਂ ਇਥੇ ਵਸਦੇ ਹਨ
ਚੌਰਸ ਮਕਾਨ ਦੇ ਡੱਬਿਆਂ 'ਚ ਪੈਕ
ਬੇਜਾਨ ਵਸਤੂਆਂ ਜਿਹੇ
ਸੜਕਾਂ ਦੇ ਸੰਗਲਾਂ 'ਚ ਬੱਝੇ
ਚੌਕਾਂ 'ਚ ਖੜ੍ਹੇ ਬੁੱਤ ਬਣੇ ਲੋਕ

ਮੇਰੇ ਸ਼ਹਿਰ ਵਿਚ
ਨਹੀਂ ਵਸਦੇ ਹੁਣ
ਅਪਣੱਤ ਭਰੇ ਮੋਹ-ਖੋਰੇ ਯਾਰ ਬੇਲੀ
ਹੁਣ ਤਾਂ ਏਥੇ ਵਸਦੇ ਹਨ
ਅਣਚਾਹੇ, ਅਣਜਾਣੇ ਜਿਹੇ ਚਿਹਰੇ
ਕੁਰਸੀਆਂ ਬਣੇ ਬੇ-ਸਿਰੇ ਬੰਦੇ
ਟਿਫ਼ਨਾਂ ਨਾਲ਼ ਟੇਬਲ ਟਾਕ ਕਰਦੇ ਲੋਕ

ਮੇਰੇ ਸ਼ਹਿਰ ਵਿਚ
ਨਹੀਂ ਵੱਸਦੇ ਹੁਣ
ਦੁੱਖਾਂ-ਸੁੱਖਾਂ 'ਚ ਭਿੱਜੇ ਘਰ ਪਰਿਵਾਰ
ਹੁਣ ਤਾਂ ਏਥੇ ਵਸਦੇ ਨੇ
ਅੰਦਰਲੀ ਚੁੱਪ ਤੋਂ ਡਰੇ ਡਰੇ
ਬਾਹਰਲੇ ਸ਼ੋਰ ਨਾਲ਼ ਭਰੇ ਭਰੇ
ਬੇਲਿਹਾਜ਼, ਬੇਪਛਾਣ, ਨਕਾਬਪੋਸ਼ ਚਿਹਰੇ

ਮੇਰੇ ਸ਼ਹਿਰ ਵਿਚ
ਨਹੀਂ ਵਸਦੀਆਂ ਹੁਣ
ਨਿਭਣ-ਨਿਭਾਉਣ ਵਾਲੀਆਂ
ਮਿਸ਼ਰੀ ਜਿਹੇ ਬੋਲਾਂ ਨਾਲ਼
ਆਪਣਾ ਬਣਾਉਣ ਵਾਲੀਆਂ...ਨਿੱਘੀਆਂ ਸਹੇਲੀਆਂ

ਹੁਣ ਤਾਂ ਇਥੇ ਵਸਦੇ ਨੇ
ਰੁਤਬਿਆਂ ਨੂੰ ਮੱਥੇ 'ਤੇ ਖੁਣਵਾਈਂ
ਤਮਗ਼ਿਆਂ ਨੂੰ ਗਲਾਂ ਵਿਚ ਲਟਕਾਈਂ
ਉੱਚੀਆਂ ਗਰਦਨਾਂ ਵਾਲੇ
ਅਸਲੋਂ ਬੌਣੇ ਜਿਹੇ ਲੋਕ

ਮੇਰੇ ਸ਼ਹਿਰ ਵਿਚ ਨਹੀਂ ਵਸਦੇ ਹੁਣ
ਮੁਹੱਬਤ ਵਿਚ ਲਬਰੇਜ਼
ਖੁੱਲ੍ਹੀਆਂ ਕਿਤਾਬਾਂ ਜਿਹੇ...ਸਾਫ਼ ਸ਼ਫ਼ਾਫ਼ ਲੋਕ

•

## ਮੂਰਤ ਨਹੀਂ ਹਾਂ ਮੈਂ

ਪੱਥਰ ਦੀ ਮੂਰਤ ਨਹੀਂ ਹਾਂ ਮੈਂ
ਤੇ ਨਾ ਹੀ
ਕਿਸੇ ਰਾਮ-ਰਹੀਮ ਦੇ
ਤਲਿੱਸਮੀ ਸੰਸਾਰ ਦਾ ਹਿੱਸਾ ਹਾਂ

ਮੈਂ ਤਾਂ ਵਕਤ ਦੇ ਪੰਨਿਆਂ 'ਤੇ ਲਿਖੀ
ਉਹ ਇਬਾਰਤ ਹਾਂ
ਜੋ ਹਰ ਪਲ ਸਿਰਜਦੀ ਰਹਿੰਦੀ
ਪੌਣਾਂ ਦੇ ਬੋਲਾਂ 'ਚੋਂ ਮਹਿਕਾਂ ਦੇ ਅੱਖਰ

ਮੈਂ ਤਾਂ ਸਾਹ ਲੈਂਦੀ
ਉਹ ਧੜਕਣ ਹਾਂ
ਜੋ ਮਨ ਦੀ ਜ਼ਰਖੇਜ਼ ਮਿੱਟੀ 'ਚੋਂ
ਉਗਮਣਾ ਮਹਿਕਣਾ ਜਾਣਦੀ

ਮੈਂ ਸ਼ਿਲਾਲੇਖਾਂ ਤੋਂ ਮੁਨਕਰ ਹੋਈ
ਉਹ ਕਾਲਮ ਹਾਂ
ਜੋ ਵਗਦੇ ਪਾਣੀਆਂ ਦੇ ਸੀਨਿਆਂ 'ਤੇ
ਪੋਟਿਆਂ ਦੀ ਕਲਮ ਨਾਲ਼
ਉੱਕਰਦੀ ਰਹਿੰਦੀ...ਕੁੱਝ ਹਰਫ਼ ਜਿਉਣ ਜੋਗੇ

ਤੇਰੇ ਅੱਗੇ ਸਿਰ ਝੁਕਾ ਕੇ ਖੜ੍ਹੀ
ਫ਼ਰਿਆਦ ਨਹੀਂ ਹਾਂ ਮੈਂ
ਮੈਂ ਤਾਂ ਉਹ ਆਵਾਜ਼ ਹਾਂ
ਜੋ ਅੱਖਾਂ 'ਚ ਅੱਖਾਂ ਪਾ ਕੇ
ਗੱਲ ਕਰਨਾ ਜਾਣਦੀ

ਮੈਂ
ਚੋਗ ਚੁਗਦੇ ਪੰਛੀਆਂ ਦਾ ਰਿਜ਼ਕ ਹਾਂ
ਉੱਡਦੇ ਪਰਿੰਦਿਆਂ ਦੀ ਪਰਵਾਜ਼ ਹਾਂ
ਮੈਂ
ਕਿਸੇ ਮਜ਼ਲੂਮ ਦੀ ਆਵਾਜ਼ ਹਾਂ
ਕਿਸੇ ਨਿਆਸਰੇ ਲਈ ਧਰਵਾਸ ਹਾਂ

ਤੂੰ ਹੁਣ ਰਾਮ ਨਹੀਂ
ਰਾਮ ਰਹੀਮ ਹੋ ਗਿਆ ਏਂ
ਮੈਂ ਵੀ ਕਿਉਂ ਬਣਾ ਅਹੱਲਿਆ
ਕਿਉਂ ਕਰਾਂ ਝੂਠੀ ਮਰਯਾਦਾ ਦਾ ਪਾਲਣ

ਮੈਂ ਹੁਣ
ਆਪਣੇ ਅੰਦਰਲੇ ਸ਼ੀਸ਼ੇ 'ਚੋਂ
ਤੇਰਾ ਚਿਹਰਾ ਨਹੀਂ
ਆਪਣਾ ਅਕਸ ਤਲਾਸ਼ਦੀ ਹਾਂ

ਪੱਥਰ ਦੀ ਮੂਰਤ ਨਹੀਂ ਹਾਂ ਮੈਂ
ਮੈਂ ਤਾਂ ਉਹ ਅਹਿਸਾਸ ਹਾਂ
ਜੋ ਲੱਭ ਰਿਹਾ ਹੈ ਉਹ ਕੋਰਾ ਪੰਨਾ
ਜਿਸ ਉੱਤੇ ਉੱਤਰ ਕੇ
ਧੜਕਣ ਲੱਗਦੇ ਨੇ ਨਿੱਕੇ-ਨਿੱਕੇ ਕਾਵਿ-ਬਿੰਬ

ਪੱਥਰ ਦੀ ਮੂਰਤ ਨਹੀਂ ਹਾਂ ਮੈਂ
ਨਾ ਹੀ ਕੋਈ ਵਿਚਾਰੀ ਹਾਂ
ਮੈਂ ਤਾਂ ਨਾਰੀ ਹਾਂ...
ਮੈਂ ਤਾਂ ਸਿਰਜਣਹਾਰੀ ਹਾਂ...

•

## ਸਰਮਾਇਆ

ਬਥੇਰਾ ਧਨ ਹੈ
ਦੋਹਾਂ ਦੀਆਂ ਤਿਜੋਰੀਆਂ ਵਿਚ

ਤੇਰੇ ਕੋਲ ਅੰਕਾਂ ਦਾ ਖ਼ਜ਼ਾਨਾ
ਮੇਰੇ ਕੋਲ ਸ਼ਬਦਾਂ ਦੀ ਪੂੰਜੀ

ਤੇਰੇ ਕੋਲ ਹੁਨਰ ਹੈ
ਟਕੇ ਜੋੜਨ ਦਾ
ਮੇਰੇ ਕੋਲ ਕਲਾ ਹੈ
ਹਰਫ਼ਾਂ ਨੂੰ ਤਰਤੀਬ ਦੇਣ ਦੀ

ਤੇਰੇ ਕੋਲ ਤਰੀਕਾ ਹੈ
ਹਰਫ਼ਾਂ ਨੂੰ ਹਿੰਦਸਿਆਂ 'ਚ ਬਦਲਣ ਦਾ
ਮੇਰੇ ਕੋਲ ਸਲੀਕਾ ਹੈ
ਚੁੱਪ ਨੂੰ ਬੋਲ ਬਖ਼ਸ਼ਣ ਦਾ

ਤੇਰੀ ਬਜ਼ਾਰੂ ਸੋਚ
ਅਹਿਸਾਸ ਨੂੰ
ਬੰਜਰ ਬਣਾ ਰਹੀ
ਮੇਰੀ ਲਰਜ਼ਦੀ ਆਵਾਜ਼
ਨਿਰਮੋਹੇ ਪੱਥਰਾਂ ਨੂੰ ਪਿਘਲਾ ਰਹੀ

ਤੇਰੀਆਂ ਸੜਕਾਂ ਕਿਨਾਰੇ
ਸੁੱਕ ਰਹੇ ਨੇ
ਅਪਣੱਤ ਦੇ ਬੂਟੇ
ਮੇਰੇ ਵਿਹੜੇ ਵਿਚ
ਪਨਪ ਰਿਹਾ ਏ
ਜਜ਼ਬਾਤ ਦਾ ਰੁੱਖ

ਉਂਜ ਬਥੇਰਾ ਧਨ ਹੈ
ਦੋਹਾਂ ਦੀਆਂ ਤਿਜੋਰੀਆਂ ਅੰਦਰ

ਤੇਰੇ ਕੋਲ ਅੰਕਾਂ ਦਾ ਖ਼ਜ਼ਾਨਾ
ਮੇਰੇ ਕੋਲ ਸ਼ਬਦਾਂ ਦੀ ਪੂੰਜੀ।

•

## ਰਿਸ਼ਤਗੀ

ਤੂੰ ਨਹੀਂ ਜਾਣਦਾ
ਰਿਸ਼ਤਿਆਂ ਦੀ ਪਰਿਭਾਸ਼ਾ
ਅਹਿਸਾਸ ਦਾ ਮੁੱਲ
ਮਹਿਕ ਭਰੇ ਸਾਹਾਂ ਦੀ ਕੀਮਤ

ਪਹਿਲਾਂ
ਬੇਗ਼ਾਨਗੀ ਦਾ ਪਰਦਾ ਉਤਾਰ
ਖ਼ੁਦ ਨੂੰ ਆਪੇ ਤੋਂ ਉਭਾਰ
ਲਗਾਤਾਰ ਕਿਸ਼ਤਾਂ ਭਰ
ਸ਼ਬਦਾਂ ਦੇ ਟਕਿਆਂ ਨਾਲ਼
ਮੋਹ ਭਰੀ ਤੱਕਣੀ ਦਾ ਕਰਜ਼ ਮੋੜ

ਚੁੱਪ ਬੈਠਿਆਂ
ਰਿਸ਼ਤੇ ਸਰਦ ਹੋ ਜਾਂਦੇ ਨੇ
ਮੂੰਹ ਮੋੜਿਆਂ
ਮੁਹੱਬਤੀ ਬੋਲ ਜ਼ਰਦ ਹੋ ਜਾਂਦੇ ਨੇ
ਚੰਗੇ ਭਲੇ
ਲਿਸ਼ਕਦੇ ਚਿਹਰੇ ਗਰਦ ਹੋ ਜਾਂਦੇ ਨੇ

ਸਿਰਫ਼
ਮੁਹੱਬਤ ਦਾ ਬੂਟਾ
ਲਾਉਣਾ ਹੀ ਕਾਫ਼ੀ ਨਹੀਂ ਹੁੰਦਾ
ਉਸ ਵਿਚ ਨਿਰੰਤਰ
ਅਪਣੱਤ ਦਾ ਪਾਣੀ ਵੀ ਪਾਉਣਾ ਹੁੰਦਾ
ਅੱਧਖਿੜੇ ਫੁੱਲਾਂ ਨੂੰ
ਕੰਡਿਆਂ ਦੀ ਵਾੜ ਵੀ ਕਰਨੀ ਹੁੰਦੀ
ਤਾਂ ਹੀ ਖਿੜਦੀ ਹੈ ਗੁਲਦਾਉਂਦੀ
ਤਾਂ ਹੀ ਮਹਿਕਦਾ ਗੁਲਾਬ ਹੱਸੇਗਾ

ਤੂੰ ਨਹੀਂ ਜਾਣਦਾ
ਤੇਰੀ ਰਿਸ਼ਤਗੀ ਦੀਆਂ
ਕਿੰਨੀਆਂ ਕਿਸ਼ਤਾਂ ਟੁੱਟ ਗਈਆਂ

ਜਲਦੀ ਕਰ
ਪਹਿਲਾਂ ਪਿਛਲਾ ਭੁਗਤਾਨ ਕਰ
ਕਿਤੇ ਰਿਸ਼ਤਿਆਂ ਦੀ
ਇਹ ਜੀਵਨ ਬੀਮਾ ਪਾਲਿਸੀ
ਅੱਧ ਵਿਚਕਾਰ ਹੀ ਨਾ ਬੰਦ ਹੋ ਜਾਵੇ

•

## ਮਾਂ

ਹਰ ਸ਼ੈਅ ਅਪੂਰਨ ਹੈ
ਸੰਪੂਰਨ ਹੁੰਦੀ ਹੈ...ਮਾਂ

ਜ਼ਿੰਦਗੀ ਦੀ ਇਮਾਰਤ ਨੂੰ
ਸਿੱਧਾ ਖਲੋਣਾ ਸਿਖਾਉਂਦੀ
ਨਾਲ਼-ਨਾਲ਼ ਕਰਦੀ ਰਹਿੰਦੀ
ਧੀਆਂ-ਪੁੱਤਰਾਂ ਲਈ ਅਰਦਾਸ
ਬੂਟੜੇ ਤੋਂ ਰੁੱਖ ਬਣਦੇ ਬੱਚਿਆਂ ਦੇ
'ਕੱਲੇ-'ਕੱਲੇ ਪੱਤਿਆਂ ਨੂੰ ਸੁਆਰਦੀ ਨਿਖਾਰਦੀ
ਰੱਬ ਹੁੰਦੀ ਹੈ ਮਾਂ

ਆਪਣੀ ਮਿੱਟੀ 'ਚ ਉੱਗੇ ਬੂਟਿਆਂ ਨੂੰ
ਰੁੱਖ ਬਣਦੇ ਵੇਖ
ਉਹਨਾਂ ਨੂੰ ਫੁੱਲ-ਫਲ਼ ਲੱਗੇ ਵੇਖ
ਅੰਦਰੋ-ਅੰਦਰੀਂ ਮੰਤਰ-ਮੁਗਧ ਹੋਈ
ਬਹੁਤ ਖ਼ੁਸ਼ ਹੁੰਦੀ ਹੈ ਮਾਂ

ਕੋਠੇ ਦੀਆਂ ਪੌੜੀਆਂ ਚੜ੍ਹਾਉਂਦੀ
ਅੰਬਰ ਨੂੰ ਛੂਹਣ ਦਾ ਵੱਲ ਸਿਖਾਉਂਦੀ
ਪੰਛੀਆਂ-ਪਤੰਗਾਂ ਸੰਗ ਉਡਾਉਂਦੀ
ਮਰਦੇ ਦਮ ਤੱਕ
ਉਂਗਲ ਫੜਾ ਕੇ ਤੁਰਦੀ ਨਾਲ਼-ਨਾਲ਼
ਮਰ ਕੇ ਵੀ ਛੱਤਰੀ ਬਣ ਜਾਂਦੀ
ਤੱਤੀ ਹਵਾ ਨਾ ਲੱਗਣ ਦਿੰਦੀ

ਕੁੱਝ ਨਹੀਂ ਮੰਗਦੀ
ਮੋਹ-ਮਮਤਾ ਤੋਂ ਬਿਨਾਂ
ਨਿੱਕੇ ਜਿਹੇ ਹੁੰਗਾਰੇ ਨਾਲ਼ ਹੀ
ਪਸੀਜ ਜਾਂਦੀ ਮਾਂ

ਪਰਦੇਸਾਂ 'ਚ ਬੈਠੀ ਵੀ
ਪਲ ਪਲ ਦੀ ਖ਼ਬਰ ਰੱਖਦੀ
ਸਿਰ ਪੀੜ ਤੋਂ ਲੈ ਕੇ
ਘਰ ਪਰਿਵਾਰ ਦੀ ਸੁੱਖ-ਸਾਂਦ ਪੁੱਛਦੀ

ਲਗਾਤਾਰ ਜਾਗਦੀ ਹੈ ਮਾਂ
ਪੜ੍ਹਦੇ ਬੱਚਿਆਂ ਦੇ ਨਾਲ਼-ਨਾਲ਼ ਪੜ੍ਹਦੀ
ਅੱਖਰ ਫਰੋਲਦੀ
ਬਿਨਾਂ ਕਿਸੇ ਡਿਗਰੀ ਅਤੇ ਲੋਭ ਲਾਲਚ ਦੇ
ਕਿੰਨੇ ਇਮਤਿਹਾਨ ਦਿੰਦੀ

ਨਦੀ ਵਾਂਗ ਦਿਨ ਰਾਤ
ਰੂਹ ਦੀ ਜ਼ਮੀਨ ਸਿੰਜਦੀ
ਰਹਿਮਤ ਬਣ ਵਗਦੀ ਹੈ ਮਾਂ
ਨਦੀ ਤੋਂ ਤਰੇਲ ਮੋਤੀ ਬਣ
ਹਰ ਪੱਤੇ ਦਾ ਮੁਖੜਾ ਧੋਂਦੀ
ਕੁਦਰਤ ਜਿਹੀ ਲੱਗਦੀ ਹੈ ਮਾਂ

ਰਾਤੋ-ਰਾਤ ਨਹੀਂ ਉੱਸਰਦਾ
ਮਾਂ ਦੇ ਸੁਫ਼ਨਿਆਂ ਦਾ ਮਹਿਲ
ਲੋਰੀਆਂ 'ਚ ਪਰੋਇਆ ਹਰ ਚਾਅ
ਉਮਰ ਭਰ ਤੁਰਦਾ ਹੈ ਮਾਂ ਦੇ ਨਾਲ਼-ਨਾਲ਼

ਸੰਪੂਰਨ ਹੁੰਦੀ ਹੈ ਮਾਂ...

•

## ਸੰਦੂਕ 'ਚ ਪਈ ਡੱਬੀ

ਸੰਦੂਕ 'ਚ ਪਈ ਹੈ ਡੱਬੀ
ਰੇਸ਼ਮੀ ਵਸਤਰ 'ਚ ਲਿਪਟੀ

ਉਸ ਵਿਚ ਮੇਰਾ ਦਿਲ ਹੈ
ਕਈ ਤਹਿਆਂ 'ਚ
ਲੁਕਾ ਕੇ ਰੱਖਿਆ ਹੋਇਆ

ਇਕੱਲਤਾ ਵੇਲੇ
ਜਦੋਂ ਕਦੇ ਵਿਹਲ ਮਿਲਦੀ
ਤਾਂ ਉਦਾਸ ਮਨ ਨਾਲ਼
ਖੋਲ੍ਹਦੀ ਹਾਂ ਸੰਦੂਕ ਦੀ ਜਿੰਦਰੀ

ਕੀਮਤੀ ਚੀਜ਼ਾਂ ਪਰ੍ਹੇ ਹਟਾਉਂਦੀ
ਕੱਢ ਲੈਂਦੀ ਹਾਂ
ਲਕੋਈ ਹੋਈ ਡੱਬੀ ਨੂੰ
ਅਤੇ ਖੋਲ੍ਹਦੀ ਹਾਂ ਹੌਲੀ-ਹੌਲੀ
ਪੋਲੇ ਜਿਹੇ ਹੱਥਾਂ ਨਾਲ਼

ਵਿਚ ਪਿਆ ਮੇਰਾ ਦਿਲ
ਕੋਹਿਨੂਰ ਹੀਰੇ ਵਾਂਗ
ਲਿਸ਼ਕਣ ਲੱਗ ਪੈਂਦਾ ਹੈ
ਆਲਾ-ਦੁਆਲਾ ਨੂਰੋ-ਨੂਰ
ਚਾਨਣ ਨਾਲ਼ ਭਰ ਜਾਂਦਾ ਹੈ

ਡੱਬੀ 'ਚ ਪਿਆ ਦਿਲ
ਧੜਕਣ ਲੱਗ ਜਾਂਦਾ ਹੈ
ਮੈਂ ਅਤੇ ਮੇਰਾ ਦਿਲ
ਆਪਸ ਵਿਚ ਗੱਲਾਂ ਕਰਦੇ ਹਾਂ

ਫਿਰ ਇਕ ਦੂਜੇ ਦੇ ਚਾਨਣ ਵਿਚ
ਇਕ ਦੂਜੇ ਦਾ ਮੁਖੜਾ ਵੇਂਹਦੇ
ਆਪੋ-ਆਪਣੇ
ਟਿਕਾਣਿਆਂ 'ਤੇ ਪਰਤ ਜਾਂਦੇ ਹਾਂ
ਟਿਕ ਕੇ ਬਹਿ ਜਾਂਦੇ ਹਾਂ

ਮੈਂ...ਅਤੇ...ਮੇਰਾ ਦਿਲ...

•

## ਹੌਂਕਿਆਂ ਨੂੰ ਆਖ

ਹੌਂਕਿਆਂ ਨੂੰ ਆਖ
ਚੁੱਪ ਕਰ ਜਾਣ ਓਨੀ ਦੇਰ
ਜਿੰਨਾ ਚਿਰ ਮੈਂ ਤੇਰੇ ਕੋਲ ਹਾਂ

ਇਸ ਘੜੀ, ਇਸ ਪਲ
ਅਸੀਂ ਇਕ ਦੂਜੇ ਨੂੰ ਮਿਲਣਾ ਹੈ
ਸਾਹਾਂ 'ਚ
ਗੁਲਾਬੀ ਪਲਾਂ ਦੀ ਮਿੱਠੀ ਖ਼ੁਸ਼ਬੂ ਭਰ ਕੇ

ਮੱਥੇ ਦੇ
ਤੀਜੇ ਨੰਬਰ ਨੂੰ ਜਗਾ ਕੇ ਵੇਖਣਾ ਹੈ
ਅੱਖਾਂ ਦੇ ਸ਼ੀਸ਼ਿਆਂ 'ਚੋਂ
ਇਕ ਦੂਜੇ ਦਾ ਅਕਸ ਤੱਕਣਾ ਹੈ
ਬਹੁਤ ਕੁੱਝ ਪੜ੍ਹਨਾ ਹੈ ਅੱਜ
ਮੂਕ-ਭਾਸ਼ਾ ਦੇ ਬੋਲਾਂ ਨਾਲ਼
ਅਣਲਿਖੇ ਚੁੱਪ ਹਰਫ਼ਾਂ ਜਿਹਾ

ਨਦੀ ਬਣ ਵਗਣਾ ਹੈ
ਦਰਿਆ ਵੇ, ਤੇਰੇ ਨਾਲ਼-ਨਾਲ਼
ਰੋੜ੍ਹ ਦੇਣਾ ਹੈ
ਬੀਤੇ ਦਾ ਕੱਖ-ਕਾਣ
ਗਰਦ-ਗੁਬਾਰ ਨੂੰ ਸ਼ਾਂਤ ਕਰਨਾ ਹੈ
ਸਾਵਣ ਦੀ ਝੜੀ ਬਣ ਕੇ

ਮਨ ਦੇ ਰੂ-ਬ-ਰੂ ਖਲੋਣਾ ਹੈ
ਇਕ ਦੂਜੇ ਦੀ ਹਾਜ਼ਰੀ ਵਿਚ
ਨਹੀਂ ਮੁਥਾਜੀ ਹੁਣ
ਤਨ-ਬਦਨ ਦੀ
ਰੂਹ ਦਾ ਕੋਈ ਕੱਜਣ ਨਹੀਂ ਹੁੰਦਾ।

•

## ਵਿਰਾਸਤ

ਆਪਣੇ ਘਰ ਨੂੰ...ਦਰ ਨੂੰ
ਕੰਧਾਂ ਨੂੰ...ਇੱਟਾਂ ਨੂੰ
ਖੂਹ ਨੂੰ...ਬੋਹੜ ਨੂੰ
ਗਲੀ ਦੇ ਹਰ ਮੋੜ ਨੂੰ
ਕਿਵੇਂ ਭੁੱਲ ਸਕਦੀ ਹਾਂ ਭਲਾ ਮੈਂ

ਵਿਦੇਸ਼ੋਂ ਪਰਤਣ ਬਾਅਦ
ਮੈਂ ਫਿਰ ਸਰਦਲ 'ਤੇ ਆ ਖੜ੍ਹਦੀ ਹਾਂ
ਆਪਣੀ ਮੋਹ-ਮਿੱਟੀ ਨੂੰ
ਨਤਮਸਤਕ ਹੁੰਦੀ ਹਾਂ
ਘਰ ਦਾ ਬੰਦ ਬੂਹਾ ਖੜਕਾਉਂਦੀ ਹਾਂ

ਜਾਣਦੀ ਹਾਂ ਮੈਂ
ਕਿਸੇ ਨੂੰ ਉਡੀਕ ਨਹੀਂ ਮੇਰੀ
ਕਿਸੇ ਨੂੰ ਲੋੜ ਨਹੀਂ ਮੇਰੀ
ਭਰੀਆਂ ਪਲਕਾਂ ਨੂੰ ਮੈਂ
ਪਰਦੇਸੋਂ ਲਿਆਂਦੀਆਂ
ਕਾਲੀਆਂ ਐਨਕਾਂ ਹੇਠ ਛੁਪਾ ਲੈਂਦੀ ਹਾਂ

ਪਤਾ ਹੈ ਮੈਨੂੰ
ਕਿਸੇ ਨੂੰ ਖ਼ੁਸ਼ੀ ਨਹੀਂ ਮੇਰੇ ਆਉਣ ਦੀ
ਚੁੱਪ-ਚਾਪ ਬੋਝਲ ਮਨ ਨਾਲ਼
ਆਪਣੀ ਵਿਰਾਸਤ ਯਾਦਾਂ 'ਚ ਸਾਂਭ
ਫਿਰ ਵਾਪਸ ਪਰਤ ਜਾਂਦੀ ਹਾਂ

ਪੈਰ ਅਗਾਂਹ ਨੂੰ ਜਾਂਦੇ ਨੇ
ਦਿਲ ਪਿਛਾਂਹ ਨੂੰ ਦੌੜਦਾ ਹੈ
ਤੂੰ ਹੱਸਦਾ ਵਸਦਾ ਰਹਿ
ਸਾਰੇ ਸਫ਼ਰ ਵਿਚ
ਬੱਸ ਇਹੀ ਦੁਆ ਕਰਦੀ ਰਹੀ ਹਾਂ

•

## ਨਦੀ ਅਤੇ ਸਮੁੰਦਰ

ਕਿੰਨੀਆਂ ਨਦੀਆਂ ਨਿੱਤ ਵਹਿੰਦੀਆਂ
ਉੱਪਰੋਂ ਥੱਲੇ
ਨਿਵਾਣਾਂ ਵੱਲ
ਧਰਤੀ ਦੀ ਹਿੱਕ ਉੱਤੇ ਮੇਲ੍ਹਦੀਆਂ
ਸਹਿਜ ਤੋਰ ਤੁਰਦੀਆਂ
ਸਮੁੰਦਰ ਵੱਲ ਹੌਲੀ-ਹੌਲੀ ਸਰਕਦੀਆਂ

ਸਮੁੰਦਰ ਖੌਰੇ...
ਕਿਹੜੀ ਨਦੀ ਨੂੰ ਉਡੀਕਦਾ
ਅੱਡੀਆਂ ਚੁੱਕ-ਚੁੱਕ ਵੇਖਦਾ
ਉੱਛਲਦਾ ਕਦੇ ਸ਼ਾਂਤ ਹੋ ਜਾਂਦਾ
ਮੂੰਹੋਂ ਕੁੱਝ ਨਾ ਬੋਲਦਾ
ਪਤਾ ਨਹੀਂ ਕਿਹੜੀ ਨਦੀ ਨੂੰ ਟੋਲ੍ਹਦਾ

ਸ਼ਾਇਦ ਇਹ
ਉਸ ਨੀਲੀ ਨਦੀ ਨੂੰ ਉਡੀਕਦਾ
ਜਿਹੜੀ ਇਕ ਦਿਨ
ਪਹਾੜਾਂ ਤੋਂ ਉੱਤਰੇਗੀ, ਥਲਾਂ ਨੂੰ ਚੀਰੇਗੀ
ਉਸ ਦੇ ਖ਼ਾਰੇ ਪਾਣੀਆਂ ਨੂੰ ਮਿੱਠਾ ਕਰ ਦੇਵੇਗੀ

ਸਮੁੰਦਰ ਸੋਚਦਾ ਹੈ
ਨਦੀ ਤਾਂ ਜ਼ਰੂਰ ਆਵੇਗੀ
ਮੇਰੀ ਬੁੱਕਲ਼ ਵਿਚ ਸਮਾਵੇਗੀ
ਪਰ ਉਸ ਦੇ ਆਉਣ ਤੱਕ
ਕਿਤੇ ਮੈਂ ਉਡੀਕਦਾ ਉਡੀਕਦਾ
ਸੁੱਕ ਨਾ ਜਾਵਾਂ...ਮੁੱਕ ਹੀ ਨਾ ਜਾਵਾਂ
ਸਮੁੰਦਰ ਸੋਚਦਾ ਹੈ

ਉੱਧਰ ਵਿੰਗ-ਵਲੇਵੇਂ ਖਾਂਦੀ ਨਦੀ
ਰਾਤ ਦੇ ਹਨੇਰਿਆਂ 'ਚ
ਲੀਕ ਵਾਂਗ ਲਿਸ਼ਕਦੀ
ਠੁਮਕ-ਠੁਮਕ ਤੁਰਦੀ
ਮਧੁਰ ਧੁਨ 'ਚ ਗਾਉਂਦੀ
ਸਮੁੰਦਰ 'ਚ ਮਿਲਣਾ ਲੋਚਦੀ

ਮੈਂ ਉਹ ਨਦੀ ਨਹੀਂ ਹਾਂ, ਸਮੁੰਦਰ ਜੀ!
ਕਿ ਤੁਰਦੀ ਤੁਰਦੀ ਥੱਕ ਜਾਵਾਂ
ਰਾਹਾਂ ਵਿਚ ਹੀ ਸੁੱਕ ਜਾਵਾਂ

ਮੈਂ ਰਾਹਾਂ ਵਿਚ ਟੱਕਰੇ
ਪੱਥਰਾਂ ਤੋਂ ਨਹੀਂ ਘਬਰਾਉਂਦੀ
ਮਾਰੂਥਲ ਵਿਚ ਨਹੀਂ ਸਮਾਉਂਦੀ

ਮੈਂ ਰੁੱਕਣਾ ਨਹੀਂ ਜਾਣਦੀ
ਮੈਂ ਥੱਕਣਾ ਨਹੀਂ ਜਾਣਦੀ
ਮੈਂ ਅੱਕਣਾ ਨਹੀਂ ਜਾਣਦੀ

ਮੈਂ ਘੁੰਮਦੀ-ਘੁਮਾਉਂਦੀ ਹਰ ਹਾਲ
ਤੇਰੇ ਤੀਕ ਜ਼ਰੂਰ ਆਵਾਂਗੀ
ਤੇਰੇ ਅੰਦਰਲੇ ਵਰਤਾਰਿਆਂ ਦੀ ਥਾਹ ਪਾਵਾਂਗੀ

ਮੈਂ ਕੋਈ ਰੇਤ ਪਈ ਪੈੜ ਨਹੀਂ
ਮੈਂ ਕੋਈ ਪਾਣੀ 'ਤੇ ਉੱਕਰੀ ਲੀਕ ਨਹੀਂ
ਮੈਂ ਤਾਂ ਨਦੀ ਹਾਂ...ਸਮੁੰਦਰ ਜੀ!

ਮੈਂ...ਨਦੀ...ਹਾਂ।

•

## ਦੁਆ ਕਰਦੀ ਹਾਂ

ਦੁਆ ਕਰਦੀ ਹਾਂ
ਕਿ ਤੇਰੀ ਕਵਿਤਾ ਦਾ ਹਰ ਸ਼ਬਦ
'ਕੱਲੇ-'ਕੱਲੇ ਤਾਰੇ ਦਾ ਸਿਰਨਾਵਾਂ ਹੋਵੇ
ਤੇਰੀ ਰਸਨਾ ਦਾ ਇਕ-ਇਕ ਬੋਲ
ਵਕਤ ਦਾ ਸੁਨਹਿਰੀ ਹਲਫ਼ਨਾਮਾ ਹੋਵੇ

ਬੂਹਿਆਂ 'ਤੇ ਖੜ੍ਹੀ ਉਡੀਕ
ਤੇਰੇ ਕਦਮਾਂ ਦੀ ਪੈੜ ਚਾਲ ਸੁਣੇ
ਚੰਨ-ਚਾਨਣੀ ਰਾਤ ਵਿਚ
ਮਸਤਕ 'ਚੋਂ ਚੰਦਨ ਜਿਹਾ ਚਿੰਤਨ ਝਰੇ

ਤੇਰੀ ਸੰਦਲੀ ਪੈੜ
ਲੋਏ ਲੋਏ ਸਾਰੀ ਵਾਟ ਮੁਕਾ ਲਵੇ
ਤੇਰੀ ਕੋਰੀ ਕਲਪਨਾ
ਪਰਬੱਤਾਂ ਉੱਤੇ ਬਰਫ਼ ਵਾਂਗ ਫੈਲ ਜਾਵੇ

ਅਹਿਸਾਸ ਦੇ ਬਨੇਰਿਆਂ 'ਤੇ
ਗੁਟਰਗੂੰ...ਗੁਟਰਗੂੰ...
ਕਰਦੇ ਰਹਿਣ ਸ਼ਬਦਾਂ ਦੇ ਕਬੂਤਰ
ਤੇਰੀ ਹਰ ਸੱਜਰੀ ਨਜ਼ਮ
ਮਹਿਫ਼ਲ ਦਾ ਸ਼ਿੰਗਾਰ ਬਣ ਜਾਵੇ

ਇਹ ਵੀ ਦੁਆ ਕਰਦੀ ਹਾਂ ਮੈਂ
ਕਿ ਤੇਰੇ ਬਦਨ ਦੀ ਸਾਰੀ ਤਪਸ਼
ਛਾਤੀ ਦੇ ਨਿੱਘ ਵਿਚ ਬਦਲ ਜਾਵੇ
ਤੇਰੀਆਂ ਬਾਹਵਾਂ ਵਿਚਲੀ ਵਿੱਥ
ਹੱਥ-ਘੁੱਟਣੀਆਂ
ਅਤੇ ਗਲਵਕੜੀਆਂ ਵਿਚ ਤਬਦੀਲ ਹੋ ਜਾਵੇ

ਦੁਆ ਕਰਦੀ ਹਾਂ ਮੈਂ...

•

## ਸੁੱਚਾ ਮੋਤੀ

ਮੈਂ ਨਿਮਾਣੀ
ਨਿੱਕੀ ਜਿਹੀ ਜਲ-ਬੂੰਦ ਨੇ
ਅਜ਼ਲਾਂ ਤੋਂ ਉਵੇਂ ਹੀ
ਸਿੱਪੀ 'ਚ ਬੰਦ ਪਈ ਰਹਿਣਾ ਸੀ

ਇਹ ਤਾਂ
ਤੇਰੀ ਰਹਿਮਤ ਸੀ
ਕਿ ਇਸ ਜਲ-ਬੂੰਦ ਨੇ
ਸੁੱਚਾ ਮੋਤੀ ਬਣ ਬਹਿਣਾ ਸੀ

ਤੇਰੀ ਪਾਰਖੂ ਸੋਚ ਨੇ
ਇਸ ਨੂੰ ਭਵਜਲ ਦੇ ਸਾਗਰ 'ਚੋਂ
ਬਾਹਰ ਕੱਢ
ਪਾਰਸ ਦੀ ਕਸਵੱਟੀ 'ਤੇ ਰਗੜ
ਇਸ ਜਲ ਬੂੰਦ ਨੂੰ
ਨਵੀਂ ਦਿੱਖ, ਨਵੀਂ ਪਹਿਚਾਣ ਦਿੱਤੀ

ਤੇਰੇ ਮੋਹ ਸਦਕਾ
ਸੁਰੱਖਿਅਤ ਮੇਰਾ ਮਾਣ-ਅਭਿਮਾਨ
ਤੇਰੀ ਛੋਹ ਸਦਕਾ
ਬਣੀ ਮੇਰੀ ਵੱਖਰੀ ਪਹਿਚਾਣ

ਹੁਣ ਜਿਹੜੇ ਵੀ ਪਰਖਣ ਮੈਨੂੰ
ਸੁੱਚਾ ਮੋਤੀ ਆਖਣ ਮੈਨੂੰ
ਹੁਣ ਜਿਹੜੇ ਵੀ ਦੇਖਣ ਮੈਨੂੰ
ਕਰਮਾਂ ਵਾਲੀ ਸੱਦਣ ਮੈਨੂੰ

•

## ਤੁਰਦਿਆਂ-ਤੁਰਦਿਆਂ...

ਵਕਤ ਦੇ ਨਾਲ਼-ਨਾਲ਼ ਤੁਰਦਿਆਂ
ਵਰਤਮਾਨ ਦੇ ਰੁੱਖ ਮੇਰੇ ਹਮਸਫ਼ਰ ਨੇ
ਅਤੀਤ ਦੀਆਂ ਹਿੱਲਦੀਆਂ ਟਹਿਣੀਆਂ
ਕੰਬਣੀ ਛੇੜਦੀਆਂ
ਭਵਿੱਖ ਦੀਆਂ ਫੁੱਲ-ਪੱਤੀਆਂ
ਲੰਮੀ ਹੇਕ ਦੇ ਗੀਤ ਗਾਉਂਦੀਆਂ

ਮੇਰੇ ਅੰਦਰਲੀ
ਮਾਸੂਮ ਬਾਲੜੀ
ਨਿੱਕੇ ਜਿਹੇ ਚਕਲੇ-ਵੇਲਣੇ 'ਤੇ
ਰੋਟੀਆਂ ਵੇਲਦੀ
ਤਵੇ 'ਤੇ ਪਾਉਂਦੀ
ਰੋਟੀ ਸੜ ਜਾਣ ਦੇ ਡਰੋਂ
ਮਾਂ ਨੂੰ 'ਵਾਜਾਂ ਮਾਰਦੀ

ਮਾਂ ਦੀ ਜੁੱਤੀ ਪੈਰੀਂ ਪਾ
ਇਹ ਬਾਲੜੀ
ਠੁਮਕ-ਠੁਮਕ ਤੁਰਦੀ
ਨਿੱਕੀਆਂ-ਨਿੱਕੀਆਂ ਪੈੜਾਂ ਕਰਦੀ
ਨੰਨ੍ਹੀ ਜਿਹੀ ਮੁਸਕਾਨ ਵੇਖ ਕੇ
ਮਾਂ ਆਖਦੀ :
"ਖਿੜ੍ਹ ਗਈ ਏਂ, ਮੇਰੀ ਕਪਾਹ ਦੀਏ ਫੁੱਟੀਏ।"

ਕਦੇ-ਕਦੇ ਜਦ ਮੈਂ
ਸ਼ੀਸ਼ੇ ਮੂਹਰੇ ਬੈਠ
ਮਾਂ ਦੀ ਲਿਪਸਟਿਕ ਚੁੱਕ
ਨਿੱਕੀਆਂ-ਨਿੱਕੀਆਂ ਬੁੱਲ੍ਹੀਆਂ 'ਤੇ ਮਲਦੀ
ਤਾਂ ਮਾਂ ਘੂਰਦੀ : "ਮਰ ਜਾਣੀਏ!
ਪਹਿਲਾਂ ਜਿਉਣ ਜੋਗੀ ਤਾਂ ਹੋ ਜਾ
ਫੇਰ ਬੂਥਾ ਰੰਗ ਲਵੀਂ"

ਹੁਣ ਵੀ ਜਦ ਮਾਂ
ਲਾਡ ਨਾਲ਼ 'ਰੂਪ' 'ਰੂਪ' ਆਖਦੀ
ਤਾਂ ਮੈਂ ਬੂਟੀਆਂ ਵਾਲੀ ਫ਼ਰਾਕ ਪਾ
ਨਿੱਕੀ ਜਿਹੀ ਲਾਡਲੀ ਬਣ ਜਾਂਦੀ

ਉਮਰ ਦੇ ਕਿੰਨੇ ਹੀ ਸਾਲ
ਬਚਪਨ ਦੇ ਕਿੰਨੇ ਹੀ ਖ਼ਿਆਲ
ਵਰਤਮਾਨ ਦੀ ਮੁੱਠੀ 'ਚੋਂ ਕਿਰ ਜਾਂਦੇ।

•

## ਤੂੰ ਅਤੇ ਮੈਂ

ਤੂੰ
ਮੇਰੀ ਗਾਨੀ 'ਚ ਮੜ੍ਹਿਆ
ਧੜਕਦਾ ਤਾਵੀਜ਼ ਬਣ
ਮੈਂ
ਤੇਰੇ ਰਾਹਾਂ ਦੀ ਸੱਜਰੀ ਪੈੜ ਬਣਾਂਗੀ

ਤੂੰ
ਮੇਰੀ ਹਿੱਕ 'ਤੇ ਮੇਲ੍ਹਦਾ
ਲੋਗੜੀ ਦਾ ਫੁੱਲ ਬਣ
ਮੈਂ
ਤੇਰੀ ਫ਼ਿਜਾ 'ਚ ਲਰਜ਼ਦਾ
ਗੋਰੀ ਨਦੀ ਦਾ ਗੀਤ ਬਣਾਂਗੀ

ਤੂੰ ਇਸ
ਅੱਲ੍ਹੜ ਅੱਖ ਦਾ
ਸੁਰਮਈ ਸੁਫ਼ਨਾ ਤਾਂ ਬਣ
ਮੈਂ
ਤੇਰੀ ਦਸਤਕ ਨੂੰ ਉਡੀਕਦੀ
ਸੰਦਲੀ ਦਹਿਲੀਜ਼ ਬਣਾਂਗੀ

ਤੂੰ
ਕੋਸੇ ਸਾਹਾਂ 'ਚੋਂ ਕਿਰਿਆ
ਅੰਮ੍ਰਿਤ ਵੇਲੇ ਦਾ ਸ਼ਲੋਕ ਬਣ
ਮੈਂ
ਤੇਰੇ ਸ਼ਬਦਾਂ ਨੂੰ ਸਾਂਭਦੀ
ਲਿਫ਼-ਲਿਫ਼ ਕਰਦੀ ਸਤਰ ਬਣਾਂਗੀ।

•

## ਨੀਲੀ ਨਦੀ

ਸਹਿਜ ਤੋਰ ਤੁਰਦੀ ਤੁਰਦੀ ਨੂੰ
ਪਤਾ ਨਹੀਂ ਕਦੇ-ਕਦੇ
ਕੀ ਹੋ ਜਾਂਦਾ ਹੈ ਉਸ ਨੂੰ

ਉੱਛਲ ਉੱਛਲ ਕੰਢੇ ਭੰਨਦੀ
ਕਿਸੇ ਦੀ ਵੀ ਨਾ ਮੰਨਦੀ
ਕਿਨਾਰੇ ਸਾਂਭਣ ਦਾ ਯਤਨ ਕਰਦੇ
ਉਹ ਉਹਨਾਂ ਨੂੰ ਵੀ ਖੋਰ ਦਿੰਦੀ

ਇੰਜ ਲੱਗਦਾ ਹੈ
ਉਸ ਨੂੰ ਵੀ ਮੇਰੇ ਵਾਂਗ
ਉਡੀਕ ਰਿਹਾ ਹੈ ਕੋਈ
ਮਾਰੂਥਲ ਜਾਂ ਕੋਈ ਖ਼ਾਰਾ ਸਮੁੰਦਰ

ਉੱਚੇ ਪਹਾੜਾਂ ਤੋਂ ਉੱਤਰਦੀ
ਵੇਗਮੱਤੀ ਨਦੀ
ਪਿਆਸੀਆਂ ਧਰਤੀਆਂ ਸਿੰਜਦੀ
ਬੱਲੀਆਂ 'ਚ ਦਾਣੇ ਚਿਣਦੀ
ਮੁੰਜਰਾਂ 'ਚ ਚੌਲ ਧਰਦੀ
ਅੰਬੀਆਂ 'ਚ ਰਸ ਭਰਦੀ
ਅੰਗੂਰਾਂ ਦੀ ਮਿਠਾਸ ਸਾਂਭਦੀ

ਤੱਤੇ ਮੌਸਮਾਂ ਦੀ ਮਾਰ ਤੋਂ ਬੇਖ਼ਬਰ
ਥਲਾਂ ਦੀ ਤਪਸ਼ ਤੋਂ ਅਣਜਾਣ
ਉਹ ਗੁਲਕੰਦ ਜਿਹੀ
ਗੁਲਦਾਉਦੀ ਵਾਂਗ ਖਿੜੀ ਰਹਿੰਦੀ

ਚੁੱਪ ਦਾ ਲਿਬਾਸ ਪਹਿਣ
ਮਟਕ-ਮਟਕ ਤੁਰਦੀ
ਜਦ ਕਦੇ ਬੋਲਦੀ
ਤਾਂ ਸਾਹਾਂ 'ਚ ਮਿਠਾਸ ਘੋਲਦੀ

ਉਸ ਕੋਲ
ਸੁੱਤਿਆਂ ਲਈ ਜਾਗ ਹੈ
ਨਿਮਾਣਿਆਂ ਲਈ ਮਾਣ ਹੈ
ਨਿਤਾਣਿਆਂ ਲਈ ਹਿੰਮਤ ਹੈ

ਉਹ ਬੇਪਰਵਾਹੀ ਦੀ ਖੁੱਲ੍ਹੀ ਕਿਤਾਬ
ਰਾਹ ਦੇ ਦੁੱਖਾਂ ਦਾ ਨਹੀਂ ਹਿਸਾਬ
ਕੰਡਿਆਂ 'ਚ ਘਿਰਿਆ ਸੂਹਾ ਗੁਲਾਬ

ਮੋਮ ਵਾਂਗ ਪਿਘਲਦੀ ਵੀ
ਸਾਂਭ ਕੇ ਰੱਖਦੀ ਧਾਗੇ ਦੀ ਤਾਰ
ਮਿੱਠੀ-ਮਿੱਠੀ ਬੋਲਦੀ ਵੀ
ਤਿੱਖੀ ਲਿਸ਼ਕਦੀ ਖੰਡੇ ਦੀ ਧਾਰ

ਕਦੇ ਮੇਰੀ ਮਾਂ ਜਿਹੀ ਲੱਗਦੀ
ਬੁੱਕਲ 'ਚ ਬਿਠਾਉਂਦੀ
ਜਾਗਦੀ ਜਗਾਉਂਦੀ
ਜ਼ਿੰਦਗੀ ਦੇ ਅਰਥ ਸਮਝਾਉਂਦੀ

ਕੁਦਰਤ ਦੀ ਜਾਈ, ਕਾਦਰ ਦੀ ਪ੍ਰਣਾਈ
ਸੁਰਾਂ ਦੀ ਭਰ ਵਗਦੀ ਸਾਰੰਗੀ
ਝਰਨਿਆਂ ਦੀ ਭੈਣ...
ਕਲ-ਕਲ ਵਗਦੀ ਨੀਲੀ ਨਦੀ।

•

## ਕਾਲੇ ਡੋਰੀਏ ਵਾਲ਼ੀਆਂ ਕੁੜੀਆਂ

ਸਤਰੰਗੀ ਪੀਂਘ 'ਤੇ ਅੰਬਰ ਝੂਟਦੀਆਂ
ਗੋਰੇ ਸੁਫ਼ਨੇ ਲੈਂਦੀਆਂ
ਕਾਲੇ ਡੋਰੀਏ ਵਾਲ਼ੀਆਂ ਕੁੜੀਆਂ

ਲੋਏ ਲੋਏ
ਸੰਧੂਰੀ ਖ਼ਿਆਲ ਬੁਣਦੀਆਂ
ਸੁੱਖਾਂ ਦਾ ਸਫ਼ਰ...ਮਟਕ-ਮਟਕ ਤੁਰਦੀਆਂ

ਚੰਨ ਚਾਨਣੀ ਰਾਤ
ਮੋਹ ਭਰੀਆਂ ਗੱਲਾਂ
ਮਨ ਦੀਆਂ ਤਰੰਗਾਂ...ਨਿਰੀਆਂ ਸਮੁੰਦਰ ਛਲਾਂ

ਕਿੰਨੇ ਵਲਵਲੇ
ਕਿੰਨੇ ਖ਼ਿਆਲ
ਕਿੰਨੇ ਜਵਾਰਭਾਟੇ...ਕਿੰਨੇ ਭੂਚਾਲ

ਮੋਹ ਮਾਰੀ ਤੱਕਣੀ 'ਤੇ
ਸ਼ਰਬੱਤੀ ਹੋ ਜਾਂਦੀਆਂ
ਰਾਹੀਆਂ ਦੇ ਰਾਹ...ਸਿੱਜਲ ਹੋ ਹੋ ਤੱਕਦੀਆਂ

ਉੱਠਦੀਆਂ ਬਹਿੰਦੀਆਂ
ਬੋਚ-ਬੋਚ ਪੱਬ ਧਰਦੀਆਂ
ਕਾਲੇ ਡੋਰੀਏ ਵਾਲ਼ੀਆਂ ਕੁੜੀਆਂ

ਆਖ਼ਰ...
ਅਚਾਨਕ ਤਿੜਕਦਾ
ਸੁਫ਼ਨਾ ਉਨ੍ਹਾਂ ਦੀ ਅੱਖ ਦਾ
ਅੱਭੜਵਾਹੇ ਉੱਠਦੀਆਂ...ਡਰ-ਡਰ ਜਾਂਦੀਆਂ

ਕੱਜਲ ਦੀ ਧਾਰ
ਤਲੀ 'ਤੇ ਲਿਆ ਧਰਦੀਆਂ
ਮੋਟੇ ਮੋਟੇ ਨੈਣਾਂ 'ਚ...ਸਦੀਵੀ ਨਮੀਂ ਭਰਦੀਆਂ

ਡਰਦੀਆਂ...ਜਰਦੀਆਂ
ਡੁੱਬਦੀਆਂ...ਸੜਦੀਆਂ
ਪਲ ਪਲ ਮਰਦੀਆਂ...ਹੋਰ ਕੀ ਕੀ ਕਰਦੀਆਂ

ਕੁੜੀਆਂ...
ਵਿਚਾਰੀਆਂ ਕੁੜੀਆਂ
ਕਾਲੇ ਡੋਰੀਏ ਵਾਲ਼ੀਆਂ ਕੁੜੀਆਂ।

•

## ਸਿੱਪੀਆਂ

- ਨਾਰੀ ਮਨ ਦੀ ਇਹੀ ਵਿਸ਼ਾਲਤਾ
  ਕਾਲ਼ਖਾਂ
  ਸਾਂਭ ਰੱਖਦੀਆਂ ਆਪਣੇ ਕੋਲ
  ਤੇ
  ਵੰਡ ਦਿੰਦੀਆਂ ਚਾਨਣ...ਹੋਰਾਂ ਨੂੰ

- ਉਲਝੀ ਰਹੀ ਵਿਚਾਰੀ
  ਹਰ ਕਾਲ ਅੰਦਰ
  ਆਪਣੇ ਹੀ ਬੁਣੇ ਜਾਲ ਅੰਦਰ
  ਬੁਰਕੀ ਬਣ ਜਾਂਦੀ ਰਹੀ
  ਬੁਰਕੀ ਖ਼ਾਤਰ...

- ਇਕ ਤੁਕ ਦੇ
  ਅਰਥ ਲੱਭਣ ਤੁਰੀ ਸੀ ਘਰੋਂ
  ਹਰਫ਼ਾਂ ਦੀ ਪੰਡ
  ਚੁੱਕ ਲਿਆਈ...ਰਾਹਾਂ 'ਚੋਂ

- ਬੇੜੀ 'ਤੇ ਨਹੀਂ
  ਬਾਦਵਾਨ ਦੇ ਵਿਸ਼ਵਾਸ 'ਤੇ
  ਸਵਾਰ ਹੁੰਦੀ ਹਾਂ
  ਫ਼ਾਇਦਿਆਂ ਦੇ ਨੁਕਸਾਨ ਬਾਰੇ
  ਸੁਚੇਤ ਰਹਿੰਦੀ ਹਾਂ

- ਮੁਸਾਫ਼ਰੀ ਨੇ
  ਦਮ ਮਾਰਨਾ ਹੁੰਦਾ ਹੈ
  ਸੰਘਣੇ ਰੁੱਖ ਦੀ ਛਾਂ ਹੇਠ
  ਆਵਾਰਗੀ ਨੇ ਆਖ਼ਰ
  ਪਰਤਣਾ ਹੁੰਦਾ ਹੈ...ਘਰਾਂ ਨੂੰ।

- ਪਹਿਲਾਂ ਸਾਂਵਲੇ ਜਿਹੇ
  ਦਰਦ ਖ਼ਰੀਦ ਲਏ
  ਫੁੱਟਪਾਥ ਤੋਂ...
  ਫੇਰ ਫ਼ਿਰੋਜ਼ੀ ਹਾਸੇ
  ਗੁਆ ਆਈ...ਸੜਕਾਂ ’ਤੇ

- ਪੈੜਾਂ
  ਕਦੇ ਪੈਰ ਨਹੀਂ ਸੀ ਪੁੱਟਦੀਆਂ ਘਰੋਂ
  ਅੱਥਰੀਆਂ
  ਹੁਣ ਨਾਂ ਨਹੀਂ ਲੈਂਦੀਆਂ
  ਘਰ ਵੜਨ ਦਾ।

## ਸਬਜ਼ ਸੰਵੇਦਨਾ

ਫੁੱਲ ਕੋਈ
ਪੱਥਰ ਦੇ ਖਿਡੌਣੇ ਨਹੀਂ ਹੁੰਦੇ
ਅਤਿ ਸਲੀਕੇ ਅਤੇ ਸੰਵੇਦਨਾ ਸੰਗ
ਪੇਸ਼ ਹੋਣਾ ਹੁੰਦਾ ਹੈ ਫੁੱਲਾਂ ਦੇ ਸਨਮੁੱਖ

ਫੁੱਲਾਂ 'ਚ ਸੂਈਆਂ ਖੁਭੋਅ ਕੇ
ਧਾਗਿਆਂ 'ਚ ਨਾ ਪਰੋਅ ਕਮਲ਼ੀਏ!
ਇਹਨਾਂ ਦੇ ਕਾਇਨਾਤੀ ਰੰਗਾਂ 'ਚ
ਘੁਲ ਜਾਣ ਦਾ ਹੁਨਰ ਸਿੱਖ

ਗੁਲਾਬੀ ਫੁੱਲਾਂ ਨੂੰ ਤੋੜ
ਖੇਰੂੰ-ਖੇਰੂੰ ਨਾ ਕਰ ਚੰਦਰੀਏ!
ਇਹਨਾਂ ਦੀ ਨਿਮਰਤਾ ਅੱਗੇ
ਪੱਤੀ-ਪੱਤੀ ਹੋ ਕੇ ਝੁਕਣਾ ਸਿੱਖ

ਕੋਮਲ ਫੁੱਲਾਂ ਨੂੰ
ਪੱਥਰਾਂ ਦੇ ਪੈਰਾਂ 'ਚ ਨਾ ਧਰ ਭੋਲੀਏ!
ਟਹਿਣੀ 'ਤੇ ਖਿੜਿਆਂ ਨੂੰ
ਸੌ-ਸੌ ਵਾਰ ਸਲਾਮ ਆਖ

ਨਾਜ਼ੁਕ ਫੁੱਲਾਂ ਨੂੰ ਨੂੜ ਕੇ
ਗੁਲਦਸਤਿਆਂ 'ਚ ਨਾ ਡੱਕ ਮਾਲਣੇ!
ਆਪਣੇ ਅਹਿਸਾਸ ਦੇ ਸਾਰੇ ਰੰਗ
ਇਨ੍ਹਾਂ ਦੀ ਪਿਆਜ਼ੀ ਮੁਸਕਾਨ ਦੇ ਨਾਂ ਕਰ

ਫੁੱਲਾਂ ਨੂੰ ਉਛਾਲ ਕੇ
ਪੈਰਾਂ ਹੇਠ ਨਾ ਮਿੱਥ ਭਾਗਵਾਨੇ!
ਖਿੜੇ ਹੋਏ ਫੁੱਲਾਂ ਦੇ
ਗਲ ਦਾ ਹਾਰ ਬਣ ਕੇ ਵੇਖ

ਫੁੱਲ ਕੋਈ
ਪੱਥਰ ਦੇ ਖਿਡੌਣੇ ਨਹੀਂ ਹੁੰਦੇ
ਅਤਿ ਸਲੀਕੇ ਅਤੇ ਸੰਵੇਦਨਾ ਸੰਗ
ਪੇਸ਼ ਹੋਣਾ ਹੁੰਦਾ ਹੈ
ਫੁੱਲਾਂ ਦੇ ਸਨਮੁੱਖ ਤਾਂ...

•

## ਮੈਂ ਹਾਜ਼ਰ ਹਾਂ

ਹੁਣੇ ਹੁਣੇ ਯਾਦ ਕੀਤਾ ਸੀ ਤੂੰ ਮੈਨੂੰ
ਤੇ ਮੈਂ ਹਾਜ਼ਰ ਹਾਂ
ਚੇਤਿਆਂ ਦੀ ਚੰਗੇਰ 'ਚ ਸਾਂਭੀਆਂ
ਸੱਜਰੀਆਂ ਯਾਦਾਂ ਸਮੇਤ

ਤੇਰੇ
ਨਾਲ਼-ਨਾਲ਼ ਹੀ ਤਾਂ ਤੁਰਦੀ ਹਾਂ
ਪਰਛਾਈ ਵਾਂਗ
ਪਰ ਕਲਾਵੇ 'ਚ ਨਹੀਂ ਆਉਂਦੀ
ਫੁੱਲਾਂ ਦੀ ਸੁਗੰਧ ਵਾਂਗ

ਬੱਸ, ਧੁੱਪ ਵਾਂਗ ਮਹਿਸੂਸ ਹੁੰਦੀ ਹਾਂ
ਛਾਂ ਬਣ ਰੁੱਖਾਂ ਹੇਠ ਬਹਿ ਜਾਂਦੀ ਹਾਂ
ਪੈੜ ਬਣ ਰਾਹਾਂ 'ਚ ਵਿਛ ਜਾਂਦੀ ਹਾਂ

ਹਰੀਆਂ ਭਰੀਆਂ ਕਰ ਦਿੰਦੀ ਹਾਂ
ਸੁੱਕੀਆਂ ਟਹਿਣੀਆਂ ਨੂੰ ਵੀ
ਰੰਗ-ਬਿਰੰਗੇ ਫੁੱਲਾਂ 'ਚ
ਸੱਜਰੀ ਮਹਿਕ ਭਰ ਦਿੰਦੀ ਹਾਂ

ਇਹ ਨਾ ਪੁੱਛ
ਕਿ ਹੁਣ ਤੱਕ ਕਿਥੇ ਸੀ ਮੈਂ... ?

ਮੈਂ ਤਾਂ ਬੱਸ ਇਥੇ ਹੀ ਕਿਤੇ ਸਾਂ
ਮਨ ਦੇ ਮੌਸਮਾਂ 'ਚ ਗੁਆਚੀ
ਤਪਦੇ ਥਲਾਂ 'ਚ ਭਟਕਦੀ
ਮਾਰੂਥਲ 'ਚੋਂ ਕਸਤੂਰੀ ਲੱਭਦੀ

ਸ਼ਬਦ ਨਹੀਂ
ਸਿਰਫ਼ ਭਾਵ ਨੇ ਮੇਰੇ ਕੋਲ
ਇਨ੍ਹਾਂ ਮਣਕਿਆਂ ਨੂੰ ਪਰੋ ਲੈ ਤੂੰ
ਆਂਦਰਾਂ ਦੀ ਡੋਰ ਵਿਚ
ਤੇ ਅਰਥ-ਅਰਥ ਜਪ ਲੈ ਮੈਨੂੰ

ਹੁਣੇ-ਹੁਣੇ ਯਾਦ ਕੀਤਾ ਸੀ ਤੂੰ
ਤੇ ਮੈਂ ਹਾਜ਼ਰ ਹਾਂ...

•

## ਹੋਂਦ-ਨਿਰਹੋਂਦ

ਵਗਦੇ ਪਾਣੀਆਂ 'ਚ
ਸਾਰੀ ਦੀ ਸਾਰੀ ਰੁੜ੍ਹ ਕੇ ਵੀ
ਬੈਠੀ ਰਹੀ ਮੇਰੀ ਪਰਛਾਈ
ਨਦੀ ਕਿਨਾਰੇ

ਬਲਦੀ ਅੱਗ ਵਿਚ
ਸਾਰੀ ਦੀ ਸਾਰੀ ਮੱਚ ਕੇ ਵੀ
ਖੜ੍ਹੀ ਰਹੀ ਮੈਂ
ਚਿਖ਼ਾ ਸਿਰ੍ਹਾਣੇ

ਮੈਂ ਬੈਠੀ ਰਹੀ
ਕਿਣਕਿਆਂ ਦੀ ਧੜਕਣ ਵਿਚ
ਰਾਹਾਂ 'ਚੋਂ
ਆਪਣੀਆਂ ਸਾਰੀਆਂ ਪੈੜਾਂ ਹੂੰਝ ਕੇ

ਉੱਤਰ ਜਾਂਦੀ ਰਹੀ
ਖ਼ਾਮੋਸ਼ੀ ਦੀਆਂ ਕੰਦਰਾਂ ਵਿਚ
ਗੁੰਬਦਾਂ 'ਚੋਂ
ਆਪਣੀਆਂ ਸਾਰੀਆਂ ਚੀਕਾਂ ਸਮੇਟ ਕੇ

ਉਂਜ ਮੈਂ ਸ਼ਬਦਾਂ ਦੇ
ਤਿੱਖੇ ਵਾਰ ਸਹਿ ਕੇ ਵੀ
ਸੁਰੱਖਿਅਤ ਰਹੀ
ਅਰਥਾਂ ਦੀ ਓਟ ਉਹਲੇ

ਬੋਲਾਂ ਦੀ ਜ਼ੱਦ ਤੋਂ ਪਾਰ ਵੀ
ਬਹੁਤ ਕੁੱਝ ਸਾਂਭਣਾ ਹੁੰਦਾ
ਮੂੰਹ ਜ਼ੁਬਾਨੀ...ਚੁੱਪ ਜਿਹਾ...ਕੁੱਝ ਅਣਕਿਹਾ

ਹੱਸਣ ਤੋਂ ਬਿਨਾਂ ਵੀ
ਬਹੁਤ ਕੁੱਝ ਰੱਖਣਾ ਹੁੰਦਾ ਕੋਲ
ਅੱਥਰੂ ਜਿਹਾ...ਹਿਚਕੀ ਜਿਹਾ...ਹੁਬਕੀ ਜਿਹਾ

ਇਨ੍ਹਾਂ ਦੁੱਖਾਂ-ਸੁੱਖਾਂ ਵਿਚ
ਤੂੰ ਮੇਰਾ ਧਰਵਾਸ ਬਣਿਆ ਰਿਹਾ

ਅਜਿਹੇ ਵੇਲਿਆਂ 'ਚ
ਮੈਂ ਤੈਨੂੰ
ਰੱਬ ਤੋਂ ਪਹਿਲਾਂ ਯਾਦ ਕਰਦੀ ਰਹੀ...

•

## ਇਹ ਲੋਕ

ਇਹੋ ਜਿਹਾ ਕੀ ਹੈ ਮੇਰੇ 'ਚ
ਕਿ ਲੋਕ ਮੇਰੇ ਨਾਲ਼
ਖ਼ਾਰ ਖਾਣ ਲੱਗ ਪਏ ਨੇ
ਤਿਰਸ਼ੀਆਂ ਨਜ਼ਰਾਂ ਨਾਲ਼
ਟੇਢਾ ਟੇਢਾ ਝਾਕਦੇ ਨੇ

ਆਪਣੇ ਹੀ ਪਾਲ਼ਿਆਂ 'ਚ
ਠਰ੍ਹਨ ਲੱਗ ਪਏ ਨੇ
ਆਪਣੀ ਹੀ ਅੱਗ ਵਿਚ
ਸੜਨ ਲੱਗ ਪਏ ਨੇ

ਕੋਈ ਤਾਂ ਹੋਵੇਗਾ ਭੇਤ
ਕੋਈ ਤਾਂ ਹੋਵੇਗਾ ਰਾਜ਼
ਨਹੀਂ ਜਾਣਦੀ ਮੈਂ
ਇਹ ਤਾਂ ਉਹੀ ਜਾਣਦੇ ਨੇ

ਧੂੰਆਂ ਉੱਠਿਆ ਹੈ
ਕਿਤੇ ਤਾਂ ਮੱਚੀ ਹੋਵੇਗੀ ਅੱਗ
ਹਵਾ ਵਿਚ ਚੰਗਿਆੜੀਆਂ
ਐਵੇਂ ਤਾਂ ਨਹੀਂ ਉੱਠ ਰਹੀਆਂ
ਕੋਈ ਤਪਸ਼
ਜ਼ਰੂਰ ਹੈ ਮੇਰੇ ਅੰਦਰ
ਜੋ ਤਪਾ ਰਹੀ ਹੈ ਸਭ ਨੂੰ

ਅੱਜਕੱਲ੍ਹ
ਮੈਨੂੰ ਕੀ ਹੋ ਗਿਆ ਹੈ
ਅੱਜਕੱਲ੍ਹ
ਉਨ੍ਹਾਂ ਨੂੰ ਕੀ ਹੋ ਗਿਆ ਹੈ
ਹਰ ਜੀਅ
ਮੇਰੇ ਨਾਲ਼ ਖ਼ਫ਼ਾ ਹੋ ਗਿਆ ਹੈ

ਕੋਈ
ਤਬਦੀਲੀ ਤਾਂ ਹੈ ਮੇਰੇ ਵਿਚ ਵੀ
ਕੋਈ
ਪਰਿਵਰਤਨ ਤਾਂ ਹੈ ਉਹਨਾਂ ਵਿਚ ਵੀ

ਕੱਲ੍ਹ ਜੋ ਮੇਰੇ ਆਪਣੇ ਸੀ
ਅੱਜ ਉਹ ਵਿੱਥਾਂ ਸਿਰਜ ਖੜ੍ਹੇ ਨੇ
ਕੱਲ੍ਹ ਜੋ
ਸਾਹਾਂ 'ਚ ਸਾਹ ਘੋਲ਼ਦੇ ਸੀ
ਉਨ੍ਹਾਂ ਦੇ ਵੀ ਮਨਾਂ 'ਚ ਫ਼ਾਸਲੇ ਬੜੇ ਨੇ।

•

## ਰੱਦੀ ਦੀ ਕਿਤਾਬ

ਅੱਜ
ਨਜ਼ਮਾਂ ਦੀ ਇਹ ਖ਼ੂਬਸੂਰਤ ਕਿਤਾਬ
ਬਹੁਤ ਉਦਾਸ ਹੋਈ ਸੀ

ਏਨਾ ਤਾਂ ਉਹ
ਕਦੇ ਵੀ ਨਹੀਂ ਸੀ ਰੋਈ
ਜਿੰਨਾ ਉਹ ਅੱਜ ਰੋਈ ਸੀ

ਅੱਜ ਉਹ
ਘਰ ਦੀ ਖ਼ਾਸ ਅਲਮਾਰੀ 'ਚੋਂ ਨਿਕਲ
ਬਾਹਰ ਜਾ ਖਲੋਈ ਸੀ

'ਕੌਣ ਪੜ੍ਹਦਾ ਹੈ ਕਵਿਤਾ'
ਇਹ ਆਖ ਕੇ
ਨਜ਼ਮਾਂ ਦੀ ਖ਼ੂਬਸੂਰਤ ਕਿਤਾਬ
ਬਾਸੀ ਅਖ਼ਬਾਰਾਂ ਦੇ ਨਾਲ਼
ਕਬਾੜੀਏ ਦੀ ਤੱਕੜੀ 'ਚ
ਤੋਲੀ ਜਾ ਰਹੀ ਸੀ

ਜਿਲਦ ਤੋਂ ਵੱਖ ਕਰਕੇ
ਵਰਕਾ ਵਰਕਾ
ਬੋਰੀ 'ਚ ਤੁੰਨੀ ਜਾ ਰਹੀ ਸੀ
ਏਨੀ ਵਜ਼ਨਦਾਰ ਕਵਿਤਾ
ਹੁਣ
ਗਰਾਮਾਂ 'ਚ ਤਬਦੀਲ ਹੋ ਗਈ ਸੀ

ਨਾ ਕਿਸੇ ਨੇ
ਇਸ ਕਵਿਤਾ ਦੀਆਂ ਪਲਕਾਂ 'ਚ
ਅੱਥਰੂ ਵੇਖੇ
ਨਾ ਕਿਸੇ ਨੇ
ਇਸ ਕਵਿਤਾ ਦੀ ਅੱਖ ਵਿਚ
ਸੁਰਮਾ ਤੱਕਿਆ

ਕੱਲ੍ਹ ਨੂੰ ਇਹ ਕਵਿਤਾ
ਪੰਨਾ ਪੰਨਾ ਹੋ ਕੇ
ਕੁਲਚਿਆਂ ਦੇ ਭਾਰ ਹੇਠ ਦਬ ਜਾਏਗੀ
ਜਾਂ ਪਕੌੜਿਆਂ ਲਈ
ਲਿਫ਼ਾਫ਼ਾ ਬਣ ਜਾਏਗੀ

ਇਸ ਕਿਤਾਬਾਂ ਵਾਲੀ ਅਲਮਾਰੀ ਵਿਚ
ਚਿਣ ਦਿੱਤੀਆਂ ਗਈਆਂ
ਕੁੱਝ ਰੰਗਦਾਰ ਸ਼ੀਸ਼ੀਆਂ
ਤੇ ਸਜਾ ਦਿੱਤੇ ਗਏ
ਪੈਮਾਨੇ-ਜਾਮ ਅਤੇ ਬੀਅਰ ਮੱਘ

ਰੱਦੀ ਵਾਲਾ ਮੁੰਡਾ ਖ਼ੁਸ਼ ਹੈ
ਚਲੋ, ਇਸ ਘਰ ਵਿਚ ਅੱਗੋਂ ਵੀ
ਆਉਣ-ਜਾਣ ਬਣਿਆ ਰਹੇਗਾ
ਖ਼ਾਲੀ ਬੋਤਲਾਂ ਦੇ ਬਹਾਨੇ

ਪਰ ਅੱਜ
ਨਜ਼ਮਾਂ ਦੀ ਇਹ ਖ਼ੂਬਸੂਰਤ ਕਿਤਾਬ
ਬਹੁਤ ਉਦਾਸ ਹੋਈ ਸੀ

ਇਨ੍ਹਾਂ ਤਾਂ ਉਹ
ਕਦੇ ਵੀ ਨਹੀਂ ਸੀ ਰੋਈ
ਜਿੰਨਾ ਅੱਜ ਰੋਈ ਸੀ।

•

# ਪਿਛਾਂਹ ਪਰਤਦੀਆਂ ਪੈੜਾਂ

ਪਰਤ ਕੇ ਵੇਖਿਆ
ਪਿੱਛੇ ਪੈੜਾਂ ਸਨ
ਉੱਘੜ ਦੁੱਘੜੀਆਂ
ਕੁੱਝ ਮੱਧਮ ਕੁੱਝ ਗੂੜ੍ਹੀਆਂ

ਧਰਤੀ ਸੀ ਉੱਚੀ ਨੀਵੀਂ
ਵੰਨ-ਸੁਵੰਨੀਆਂ ਫ਼ਸਲਾਂ ਉਗਾਉਂਦੀ
ਕੁੱਝ ਰੁੱਖ ਫਲ਼ਦਾਰ
ਕੁੱਝ ਕੌੜੇ ਰੀਠਿਆਂ ਜਿਹੇ
ਕਦੇ ਨਾ ਹੋਏ ਮਿੱਠੇ

ਵੇਲਾਂ ਸਨ ਖ਼ਰਬੂਜ਼ਿਆਂ ਦੀਆਂ
ਵਿੱਚੇ-ਵਿਚ ਕੌੜਤੂੰਮੇਂ
ਸੋਚਦਿਆਂ ਹੁਣ ਵੀ
ਚਿੱਤ ਮਤਲਾ ਜਾਂਦਾ

ਫ਼ਰਾਕਾਂ ਪਾਉਣ ਦੀ ਉਮਰੇ
ਮਨ ਚੀਰਿਆ ਗਿਆ
ਖ਼ਰਬੂਜ਼ੇ ਦੀ ਫਾੜੀ ਵਾਂਗ
ਤਨ ਉਡਿਆ ਤੁੰਬਾ-ਤੁੰਬਾ
ਅੱਕ-ਕੁੱਕੜੀ ਦੇ ਫ਼ੰਭੇ ਵਾਂਗ
ਕਿਥੇ ਆ ਟਿਕਿਆ
ਪਤਾ ਹੀ ਨਾ ਲੱਗਾ

ਮਿੱਟੀ ਮੁੜ ਗੁੰਨ੍ਹੀ ਅਤੇ ਪਕਾਈ
ਮੱਥੇ ਵਿਚ ਕਰੜਾਈ
ਸਾਹਾਂ ਵਿਚ ਨਰਮਾਈ
ਕਦੋਂ ਗਈ ਕਦੋਂ ਆਈ
ਪਤਾ ਹੀ ਨਾ ਲੱਗਿਆ

ਪਿੱਛੇ ਰਹਿ ਗਈਆਂ ਪੈੜਾਂ
ਵੇਖਣ ਦੀ ਰੀਝ
ਤੁਰਦੀ ਰਹੀ ਮੇਰੇ ਨਾਲ਼-ਨਾਲ਼

ਮਾਂ ਸਦਾ ਇਹੀ ਸਮਝਾਉਂਦੀ :
"ਮੁੜ-ਮੁੜ ਕੇ ਨਹੀਂ ਵੇਖੀਦਾ
ਮਾੜੇ ਸੁਫ਼ਨੇ ਆਉਂਦੇ
ਰਾਹੀਆਂ ਨੂੰ ਰਾਹ ਭੁੱਲ ਜਾਂਦੇ"

ਅੱਗੇ ਜਾਣ ਦੇ ਲਾਲਚ ਵਿਚ
ਬਹੁਤ ਕੁੱਝ ਪਿੱਛੇ ਰਹਿ ਗਿਆ
ਕਿਣਕਾ-ਕਿਣਕਾ...ਭੋਰਾ-ਭੋਰਾ
ਯਾਦਾਂ, ਸੁਫ਼ਨੇ, ਪੈੜਾਂ ਜਿਹਾ
ਗੁੱਡੀਆਂ, ਗੀਟਿਆਂ, ਪਟੋਲਿਆਂ ਜਿਹਾ
ਅੱਥਰੂ, ਹਾਉਕੇ, ਸਿਸਕੀਆਂ ਜਿਹਾ

ਅੱਖ ਬਚਾ ਕੇ
ਮਾਂ ਤੋਂ ਚੋਰੀ ਵੇਖਣ ਗਈ
ਪੈੜਾਂ ਜਿਉਂ ਦੀਆਂ ਤਿਉਂ ਪਈਆਂ
ਮੈਨੂੰ ਸੀ ਉਡੀਕ ਰਹੀਆਂ

ਸੱਜਰੇ ਜ਼ਖ਼ਮਾਂ ਵਾਂਗ
ਟੱਸ-ਟੱਸ ਕਰਦੀਆਂ
ਨਹੀਂ ਸੌਂਦੀਆਂ ਦਿਨ-ਰਾਤ
ਪੀੜਾਂ ਦੀਆਂ ਇਹ ਜਾਗਦੀਆਂ ਪੈੜਾਂ

ਵਕਤ ਬੀਤ ਰਿਹਾ ਹੈ...ਹਾਉਕੇ ਵਾਂਗ।

•